
# ਕੀਰਤਨ ਨਿਰਮੋਲਕ ਹੀਰਾ
# ਅਤੇ
# ਸੰਗੀਤ ਕਲਾ



ਰਾਗੀ ਗੁਰਚਰਨ ਸਿੰਘ 'ਕੰਵਲ'

# ਕੀਰਤਨ ਨਿਰਮੋਲਕ ਹੀਰਾ
# ਅਤੇ
# ਸੰਗੀਤ ਕਲਾ

ਰਾਗੀ ਗੁਰਚਰਨ ਸਿੰਘ 'ਕੰਵਲ'

ਪ੍ਰਕਾਸ਼ਕ :
ਰਾਗੀ ਗੁਰਚਰਨ ਸਿੰਘ 'ਕੰਵਲ'
ਨਵੀਂ ਦਿਲੀ

© ਕਰਤਾ ਦੇ ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ - ਜਨਵਰੀ 1998

ਦੂਜੀ ਵਾਰ - ਅਕਤੂਬਰ 2003

ਮੁੱਲ : 100/- ਰੁਪਏ

3 ਡਾਲਰ

2 ਪੌਂਡ

ਪ੍ਰਕਾਸ਼ਕ

ਰਾਗੀ ਗੁਰਚਰਨ ਸਿੰਘ 'ਕੰਵਲ'

ਨਵੀਂ ਦਿੱਲੀ

ਪ੍ਰਿੰਟਰ : ਗੁਰਮਤਿ ਪ੍ਰਿੰਟਿੰਗ ਪ੍ਰੈਸ

ਪਹਾੜ ਗੰਜ, ਨਵੀਂ ਦਿੱਲੀ

ਫੋਨ : 51698576, 23587388

# ਸਮਰਪਣ

ਆਪਣੇ ਪੂਜ ਪਿਤਾ ਭਾਈ ਸਾਹਿਬ ਭਾਈ ਜੁਵਾਲਾ ਸਿੰਘ ਜੀ ਰਾਗੀ ਜਿਨਾਂ ਪਾਸੋਂ ਮੈਨੂੰ ਤੇ ਵੀਰ ਭਾਈ ਅਵਤਾਰ ਸਿੰਘ ਨੂੰ ਕੀਰਤਨ ਵਿਦਿਆ ਪ੍ਰਾਪਤ ਹੋਈ ਅਤੇ ਪੂਜ ਮਾਤਾ ਰਣਜੋਧ ਕੌਰ ਜੀ ਪਿੰਡ ਸੈਦਪੁਰ ਜਿਲਾ ਕਪੂਰਥਲਾ ਦੀਆਂ ਮਹਾਨ ਪਵਿਤਰ ਆਤਮਾਵਾਂ ਨੂੰ ਸਮਰਪਤ ਹੈ।

# ਭੂਮਿਕਾ

ਸਿਖ ਪੰਥ ਦੀ ਮਹਾਨ ਹਸਤੀ ਕੁਰਬਾਨੀ ਦੇ ਪੁੰਜ ਤੇ ਕੀਰਤਨ ਦੇ ਮਹਾਨ ਕਲਾਕਾਰ ਤੇ ਮਹਾਨ ਰਸੀਆ ਸਰੋਤੇ ਪ੍ਰਮ ਪੂਜਨੀਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਦਾ ਸੌ ਸਾਲਾ ਜਨਮ ਦਿਨ ਮਨੌਂਦਿਆਂ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਨ ਕਰਦਿਆਂ ਹੋਇਆ ਕੇਂਦਰੀ ਸਿੰਘ ਸਭਾ ਨੇ ਸਿਖ ਪੰਥ ਦੇ ਉਘੇ ਲਿਖਾਰੀ ਤੇ ਬੁੱਧੀ ਜੀਵਿਆਂ ਪਾਸੋਂ ਕੀਰਤਨ ਬਾਰੇ ਲੇਖ ਲਿਖਵਾਏ ਸਨ ਉਸ ਵੇਲੇ ਸਚਖੰਡ ਵਾਸੀ ਦੇਸ਼ ਅਤੇ ਪੰਥ ਦੀ ਮਹਾਨ ਸ਼ਖਸੀਅਤ ਸ੍ਰੀ ਮਾਨ ਸ. ਹੁਕਮ ਸਿੰਘ ਜੀ ਸਾਬਕਾ ਪਰਧਾਨ ਸ੍ਰੋਮਣੀ ਅਕਾਲੀ ਦਲ, ਸਾਬਕਾ ਸਪੀਕਰ ਲੋਕ ਸਭਾ ਤੇ ਸਾਬਕਾ ਗਵਰਨਰ ਰਾਜਸਥਾਨ ਕੇਂਦਰੀ ਸਿੰਘ ਸਭਾ ਦੇ ਪਰਧਾਨ ਸਨ ਅਤੇ ਪੰਥ ਅਤੇ ਰਾਜ ਘਰਾਣਿਆ ਵਿਚ ਪੂਜਨੀਕ ਸ਼ਖਸੀਅਤ ਸਚਖੰਡ ਵਾਸੀ ਸ੍ਰੀ ਮਾਨ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆ ਵਾਲੇ ਮੀਤ ਪਰਧਾਨ ਸਨ ਕੇਂਦਰੀ ਸਿੰਘ ਸਭਾ ਦੀ ਸਕੱਤਰੀ ਦੇ ਪਦ ਤੇ ਪੰਥ ਦੇ ਮਹਾਨ ਵਿਦਵਾਨ ਸ੍ਰੀਮਾਨ ਗਿਆਨੀ ਗੁਰਦਿਤ ਸਿੰਘ ਜੀ ਸਸ਼ੋਭਤ ਸਨ। ਗਿਆਨੀ ਜੀ ਮਾਸਕ ਰਿਸਾਲਾ ਸਿੰਘ ਸਭਾ ਪਤਰਕਾ ਦੇ ਐਡੀਟਰ ਭੀ ਸਨ। ਇਨ੍ਹਾਂ ਸਾਹਿਬਾਨ ਵਲੋਂ ਸਾਨੂੰ ਭੀ ਕੀਰਤਨ ਦੇ ਸੰਬੰਧ ਵਿਚ ਲੇਖ ਲਿਖਣ ਦੀ ਪ੍ਰੇਰਨਾ ਹੋਈ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੋਮਣੀ ਕਮੇਟੀ ਦੇ ਦਫਤਰ ਹਾਲ ਵਿਚ ਭਾਰੀ ਇਕੱਠ ਵਿਚ ਸਾਰੇ ਲੇਖਕਾਂ ਨੇ ਪਰਚੇ ਪੜੇ ਸਨ। ਮੈਂ ਭੀ ਉਥੇ ਪੇਪਰ ਪੜਨ ਅਤੇ ਅਪਣਾ ਲੇਖ ਪ੍ਰਬੰਧਕਾ ਦੇ ਹਵਾਲੇ ਕਰਨ ਲਈ ਗਿਆ ਸੀ। ਸਾਰੇ ਲੇਖ ਜੱਜਾਂ ਪਾਸ ਭੇਜੇ ਗਏ ਸਨ। ਸਾਡੇ ਲਿਖੇ ਲੇਖ ਨੂੰ ਜੱਜ ਸਾਹਿਬਾਨ ਨੇ ਪ੍ਰਥਮ ਮੰਨਿਆ ਸੀ ਤੇ ਪਹਿਲੇ ਦਰਜੇ ਦਾ ਇਨਾਮ ਦਿਤਾ ਸੀ। ਗੁਰਦੁਵਾਰਾ ਸ੍ਰੀ ਬੰਗਲਾ ਸਾਹਿਬ ਵਿਖੇ ਭਾਰੀ ਸੰਗਤ ਦੇ ਇਕੱਠ ਵਿਚ ਸ. ਹੁਕਮ ਸਿੰਘ ਜੀ ਦੇ ਪਵਿਤਰ ਕਰ ਕਮਲਾਂ ਤੋਂ ਮੈਨੂੰ ਤੇ ਵੀਰ ਭਾਈ ਅਵਤਾਰ ਸਿੰਘ ਜੀ ਨੂੰ ਇਨਾਮ

ਪ੍ਰਾਪਤ ਹੋਇਆ ਸੀ। ਉਹ ਫੋਟੋ ਤੇ ਲੇਖਕ ਵਲੋਂ ਧਨਵਾਦ ਦੀ ਫੋਟੋ ਭੀ ਇਸ ਕਿਤਾਬ ਦੇ ਵਿਚ ਦਿਤੀ ਹੋਈ ਹੈ। ਸਿੰਘ ਸਭਾ ਪਤਰਕਾ ਦੀਆਂ ਦੋ ਵਡੀਆਂ ਕਿਤਾਬ ਨੁਮਾ ਜਿਲਦਾਂ ਵਿਚ ਸਾਰੇ ਲੇਖਕਾਂ ਦੇ ਲੇਖ ਛਪੇ ਸਨ।

ਕੁਝ ਬਰਸਾ ਪਿਛੋਂ ਗੁਰਮਤ ਪਰਚਾਰ ਟ੍ਰਸਟ ਨੇ ਭੀ ਉਸੇ ਲੇਖ ਦੇ ਕੁਝ ਹਿਸੇ ਆਪਣੇ ਮਾਸਕ ਪੱਤਰ ਵਿਚ ਛਾਪੇ ਸਨ। ਗੁਰਮਤ ਪ੍ਰਚਾਰ ਟ੍ਰਸਟ ਦੇ ਉਸ ਵੇਲੇ ਦੇ ਵਾਈਸ ਚੇਅਰਮੈਨ ਸ. ਅਰਦਮਨਸਿੰਘ ਵਲੋਂ ਪ੍ਰਸੰਸਾ ਪਤਰ ਪ੍ਰਾਪਤ ਹੋਇਆ ਸੀ। ਜੋ ਮੁਖ ਬੰਦ ਦੇ ਰੂਪ ਵਿਚ ਇਸੇ ਕਿਤਾਬ ਚ ਵਿਚ ਛਾਪਿਆ ਹੋਇਆ ਹੈ।

ਉਸ ਤੋਂ ਉਪ੍ਰੰਤ ਮੈਨੂੰ ਸੰਗੀਤ ਕਲਾ ਬਾਰੇ ਪੁਰਾਤਨ ਵਿਦਵਾਨਾ ਦੀਆਂ ਲਿਖੀਆਂ ਸੰਗੀਤ ਕਿਤਾਬਾਂ ਚੋਂ ਤੇ ਹੋਰ ਗੁਰਮਤ ਦੀਆਂ ਪੁਸਤਕਾਂ ਤੇ ਗੁਰਬਾਣੀ ਦੀ ਖੋਜ ਤੋਂ ਕੀਰਤਨ ਤੇ ਸੰਗੀਤ ਕਲਾ ਬਾਰੇ ਜੋ ਮੇਰੀ ਵਾਕਫੀਅਤ ਵਿਚ ਵਾਧਾ ਹੋਇਆ ਹੈ ਉਹ ਸਾਰਾ ਇਸੇ ਲੇਖ ਵਿਚ ਮੈਂ ਸਤਿਗੁਰੂ ਜੀ ਦੀ ਪ੍ਰੇਰਨਾ ਤੇ ਮੇਹਰ ਦਾ ਸਦਕਾ ਦਰਜ ਕੀਤਾ ਹੈ। ਪਹਿਲੇ ਲੇਖ ਨਾਲੋਂ ਹੁਣ ਇਹ ਲੇਖ ਦੁਗੁਣਾ ਹੈ ਅਪਣੀ ਤੁੱਛ ਬੁੱਧੀ ਮੁਤਾਬਿਕ ਮੈਂ ਗੁਰਮਤ ਕੀਰਤਨ ਬਾਰੇ ਹਰ ਪੱਖ ਤੇ ਰੋਸ਼ਨੀ ਪੌਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਮੈਨੂੰ ਸਤਿਗੁਰੂ ਦੇ ਬਿਰਦ ਤੇ ਪੂਰਨ ਭਰੋਸਾ ਹੈ ਕਿ ਹਜ਼ੂਰ ਦੀ ਮੇਹਰ ਸਦਕਾ ਪਾਠਕਾਂ ਲਈ ਏਹ ਲੇਖ ਬਹੁਤ ਲਾਭਦਾਇਕ ਸਾਬਤ ਹੋਵੇਗਾ। ਇਸ ਵਿਚ ਬੇਅੰਤ ਤਰੁਟਿਆਂ ਭੀ ਰਹਿ ਗਈਆਂ ਹੋਣਗੀਆਂ ਜੀਹਨਾਂ ਦਾ ਮੈਂ ਖਿਮਾ ਦਾ ਜਾਚਕ ਹਾਂ।

ਮੈਂ ਸ੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਅਤੇ ਦਿਲੀ ਸਿਖ ਗੁਰਦੁਵਾਰਾ ਕਮੇਟੀ ਤੇ ਹੋਰ ਦੇਸ਼ਾਂ ਪਰਦੇਸਾਂ ਦੀਆਂ ਸਥਾਨਕ ਸਿੰਘ ਸਭਾਵਾਂ ਤੇ ਹੋਰ ਧਾਰਮਿਕ ਸੰਸਥਾਵਾਂ ਦੇ ਪਰਬੰਧਕ ਸਾਹਿਬਾਨ ਅਤੇ ਕੀਰਤਨ ਕਰਨ ਤੇ ਸੁਣਣ ਦੀ ਰੁੱਚੀ ਰਖਣ ਵਾਲੇ ਸਰੱਬਤ ਮਾਈ ਭਾਈ ਦੀ ਸੇਵਾ ਵਿਚ ਅਤਿ ਨਿਮਰਤਾ ਸਹਿਤ ਇਸ ਕਿਤਾਬ ਨੂੰ ਆਦਿ ਤੋਂ ਅੰਤ ਤਕ ਪੜਨ ਲਈ ਬੇਨਤੀ ਕਰਦਾ ਹਾਂ। ਆਸ ਹੈ ਕਿ ਸਰਬੱਤ ਸੰਸਥਾਵਾਂ ਤੇ ਹੋਰ ਸਰੱਬਤ ਮਾਈ ਭਾਈ ਮੇਰੀ ਸਨਿਮਰ ਬੇਨਤੀ ਨੂੰ ਪਰਵਾਨ ਕਰਕੇ ਦਾਸ ਨੂੰ ਧੰਨਵਾਦੀ ਬਣਾਨ ਗੇ।

**ਗੁਰੂ ਪੰਥ ਦਾ ਦਾਸ**
**ਲੇਖਕ ਗਿਆਨੀ ਗੁਰਚਰਨ ਸਿੰਘ ਕੰਵਲ**
**B-5 ਐਨ.ਡੀ.ਐਸ.ਈ.**
**ਪਾਰਟ II, ਨਵੀਂ ਦਿੱਲੀ - 110049**
**ਫੋਨ ਨੰ. : - 625 5026**

ੴ ਸਤਿਗੁਰ ਪ੍ਰਸਾਦਿ

# ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ

**ਲੇਖਕ : (ਗਿਆਨੀ ਗੁਰਚਰਨ ਸਿੰਘ 'ਕੰਵਲ')**

ਕਾਦਰ ਕਰਤੇ ਨੇ ਜਦੋਂ ਬ੍ਰਹਮੰਡ ਰਚਿਆ ਉਸ ਬ੍ਰਹਮੰਡ ਵਿਚੋ ਜਿਵੇਂ ਉਸ ਦੀ ਕੁਦਰਤ ਦੇ ਨਜ਼ਾਰੇ ਝਲਕਾਰੇ ਮਾਰਨ ਲੱਗ ਪਏ। ਉਨ੍ਹਾਂ ਨਜ਼ਾਰਿਆਂ ਵਿਚੋਂ ਸੰਗੀਤ ਵੀ ਛਣਕਾਰੇ ਲਿਸ਼ਕਾਰੇ ਮਾਰਨ ਲੱਗ ਪਿਆ ਸੀ। ਰਾਗ ਦਾ ਅਰਥ ਪ੍ਰੇਮ ਵੀ ਹੈ। **''ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ''** (ਅਕਾਲ ਉਸਤਤ ਸ੍ਵੈਯੈ।) ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਦਾ ਤਰੀਕਾ ਪ੍ਰੇਮ ਹੀ ਹੈ। ਇੰਜ ਪ੍ਰਤੀਤ ਹੁੰਦਾ ਹੈ ਰਾਗ (ਪ੍ਰੇਮ) ਦੇ ਭੁਖੇ ਗੋਬਿੰਦ ਨੇ ਆਪਣੇ ਰਸਿਕ ਮਨ ਦੀ ਤ੍ਰਿਪਤੀ ਲਈ ਅਥਵਾ ਪ੍ਰੇਮ ਦਾ ਸੁਆਦ ਮਾਨਣ ਲਈ ਸਾਰੀ ਪ੍ਰਕਿਰਤੀ ਵਿਚ ਹੀ ਸੰਗੀਤ ਸਮੋ ਦਿਤਾ ਸੀ ਮਾਨੋ ਕਾਦਰ ਨੇ ਕੁਦਰਤ ਤੇ ਸੰਗੀਤ ਨੂੰ ਤਾਣੇ ਪੇਟੇ ਦੀ ਤਰ੍ਹਾਂ ਇਕ ਰੂਪ ਇਕ ਜਾਨ ਬਣਾ ਦਿਤਾ ਸੀ। ਸਭ ਤੋਂ ਪਹਿਲਾਂ ਕੇਵਲ ਪਾਣੀ ਦੀ ਰਚਨਾ ਮੰਨੀ ਜਾਂਦੀ ਹੈ। ਪਾਣੀ ਦੀਆਂ ਲਹਿਰਾਂ ਅਤੀ ਸੁਆਦਲੀਆਂ ਸੰਗੀਤਮਈ ਸਨ। ਫਿਰ ਜਿਵੇਂ ਧਰਤੀ ਬਣੀ, ਜੀਵ ਜੰਤ ਤੇ ਬਨਸਪਤੀ ਹੋਂਦ ਵਿਚ ਆਈ ਤਾਂ ਸੰਗੀਤ ਹੋਰ ਉਭਰਿਆ। ਕਰਤੇ ਪੁਰਖ ਨੇ ਚੌਰਾਸੀ ਲੱਖ ਜੂਨਾਂ ਰਚੀਆਂ ਉਨ੍ਹਾਂ ਵਿਚੋਂ ਇਸ ਮਨੁੱਖ ਦੀ ਖੋਪਰੀ ਵਿਚ ਅਮੋਲਕ ਰਤਨ ਜਵਾਹਰ ਮਾਣਿਕ ਪਾ ਕੇ ਇਸ ਨੂੰ ਸਾਰੀਆਂ ਜੂਨੀਆਂ ਦਾ ਸਰਦਾਰ ਬਣਾ ਦਿਤਾ। **'ਮਨ ਤੂੰ ਜੋਤਿ ਸਰੂਪ ਹੈਂ'** (ਆਸਾ ਮਹਲਾ ੩ ਪੰਨਾ ੪੪੧) ਦੇ ਮਹਾਂ ਵਾਕ ਅਨੁਸਾਰ ਉਸ ਪ੍ਰਭੂ ਦੀ ਮਹਾਨ ਅਗੰਮ ਅਨੰਤ ਜੋਤ ਦਾ ਇਕ ਬਹੁਤ ਹੀ ਨਿਕਾ ਜਿਹਾ ਹਿੱਸਾ ਹੋਣ ਕਰਕੇ ਬੰਦੇ ਦੇ ਅੰਦਰ ਵੀ ਰਾਗ ਪ੍ਰੇਮ

# ਮੁਖ-ਬੰਧ

ਸਿਖ ਸੰਸਾਰ ਵਿਚ ਗੁਰਬਾਣੀ ਦੇ ਕੀਰਤਨ ਦੀ ਬੜੀ ਮਹਾਨਤਾ ਹੈ। ਵਰਤਮਾਨ ਸਮੇਂ ਲਈ ਗੁਰੂ ਸਾਹਿਬਾਨ ਨੇ ਰੱਬੀ ਕੀਰਤਨ ਨੂੰ ਪ੍ਰਧਾਨਤਾ ਦਿੱਤੀ ਹੈ। ਅੱਜ ਕਲ ਗੁਰੂਦਵਾਰਿਆਂ ਅਤੇ ਹੋਰ ਦੀਵਾਨਾਂ ਵਿਚ ਕਥਾ ਵਿਆਖਿਆਨਾਂ ਨਾਲੋਂ ਗੁਰਬਾਣੀ ਦਾ ਨਿਰੋਲ ਕੀਰਤਨ ਹੀ ਵਧੇਰੇ ਪਸੰਦ ਕੀਤਾ ਜਾਂਦਾ ਹੈ। ਪਰ ਬਹੁਤ ਸਾਰੀਆਂ ਸੰਗਤਾਂ ਨੂੰ ਇਹ ਗਿਆਨ ਨਹੀਂ ਕਿ ਕੀਰਤਨ ਦੀ ਪਰੰਪਰਾ ਕੀਹ ਹੈ, ਠੀਕ ਕੀਰਤਨ ਕਿਸ ਢੰਗ ਨਾਲ ਹੋਣਾ ਚਾਹੀਦਾ ਹੈ, ਰਾਗੀ ਸਿੰਘਾਂ ਦੇ ਕੀਹ ਲਛਣ ਹੋਣੇ ਚਾਹੀਦੇ ਹਨ, ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਰਾਗਾਂ ਅਤੇ ਵੱਖ ਵੱਖ ਕਾਵਿ-ਛੰਦਾਂ ਦੇ ਭੇਦਾਂ ਸੰਬੰਧੀ ਵੀ ਸੰਗਤਾਂ ਨੂੰ ਜਾਣਕਾਰੀ ਨਹੀਂ ਹੁੰਦੀ। ਇਸਦੇ ਫਲ ਸਰੂਪ ਕੀਰਤਨ ਸੁਨਣ ਵਾਲੇ ਬਹੁਤ ਕਰਕੇ ਸੰਗੀਤ ਦੇ ਕੰਨ-ਰਸ ਨਾਲ ਹੀ ਸੰਤੁਸ਼ਟ ਰਹਿੰਦੇ ਹਨ। ਇਸ ਕਰਕੇ ਇਹ ਤਾਂਘ ਲੱਗੀ ਹੋਈ ਸੀ ਕਿ ਅਜੇਹੀ ਜਾਣਕਾਰੀ ਲਈ ਕੋਈ ਪੁਸਤਕ, ਲੇਖ, ਆਦਿ, ਮਿਲਣ ਜਿਸ ਤੋਂ ਸਿਖ ਸੰਗਤਾਂ ਪੂਰੀ ਗਿਆਤ ਪ੍ਰਾਪਤ ਕਰਕੇ ਕੀਰਤਨ ਦਾ ਪੂਰਾ ਰੰਗ ਮਾਣ ਸਕਣ ਅਤੇ ਜੋ ਜੋ ਕੋਈ ਤ੍ਰੁੱਟੀਆਂ ਨਜ਼ਰੀਂ ਪੈਣ, ਉਨਾਂ ਦੀਆਂ ਆਪਣੀ ਆਪਣੀ ਥਾਂ ਤੇ ਗੁਰੂ-ਘਰ ਵਿਚ ਹੁੰਦੇ ਕੀਰਤਨ ਦੀ ਮਰਿਆਦਾ ਵਿਚ ਸੁਧਾਈਆਂ ਕਰਵਾ ਸਕਣ ਜਿਸ ਨਾਲ ਕੀਰਤਨ ਦਾ ਪੂਰਾ ਲਾਭ ਮਿਲੇ ਅਤੇ ਗੁਰੂ-ਘਰ ਅਤੇ ਕੀਰਤਨ ਦੀ ਸ਼ੋਭਾ ਵਧੇ ਫੈਲੇ।

ਬੜੀ ਖੁਸ਼ੀ ਹੈ ਕਿ ਪੰਥ ਦੇ ਗੁਰਮੁਖ ਅਤੇ ਉਚ ਕੋਟੀ ਦੇ ਵਿਦਵਾਨ ਕੀਰਤਨੀਏ ਭਾਈ ਸਾਹਿਬ ਗੁਰਚਰਨ ਸਿੰਘ ਜੀ ਨੇ ਇਸ ਪਾਸੇ ਸ਼ਲਾਘਾ ਯੋਗ ਉਦਮ ਕੀਤਾ ਹੈ। ਇਸ ਹਥਲੀ ਨਿਕੀ ਜਿਹੀ ਪੁਸਤਕ ਵਿਚ ਭਾਈ ਸਾਹਿਬ ਨੇ ਕੀਰਤਨ ਦੇ ਵੱਖਰੇ ਵੱਖਰੇ ਪੱਖਾਂ ਬਾਰੇ ਵਿਸ਼ੇਸ਼ ਚਾਨਣ ਦਿੱਤਾ ਹੈ। ਸੰਗੀਤ ਦਾ ਮਨੁੱਖੀ ਮਨ ਉੱਤੇ ਪ੍ਰਭਾਵ, ਰੱਬੀ ਸਿਫਤ ਸਲਾਹ ਗਾਇਣ ਕਰਨ ਦਾ ਲਾਭ, ਗੁਰੂ ਸਾਹਿਬਾਨ ਵੱਲੋਂ ਕੀਤੀ ਕੀਰਤਨ ਮਰਿਯਾਦਾ ਦੀ


ਅਨੋਖੀ ਬਖਸ਼ਿਸ਼, ਦਸਾਂ ਗੁਰੂ ਸਾਹਿਬਾਨ ਦੀ ਸੰਗੀਤ ਵਿਦਿਆ ਵਿਚ ਪ੍ਰਬੀਨਤਾ, ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਦਾ ਅਲੌਕਿਕ ਭੰਡਾਰ ਤੇ ਗੁਰਬਾਣੀ ਵਿਚ ਅੰਕਿਤ ਵਖਰੇ ਵਖਰੇ ਰਾਗ-ਰੂਪ ਅਤੇ ਉਨ੍ਹਾਂ ਨੂੰ ਗਾਉਣ ਦੇ ਢੰਗ, ਪੁਰਾਤਨ ਕੀਰਤਨ ਮਰਿਯਾਦਾ ਅਤੇ ਸੰਗੀਤ ਕਲਾ ਕੀਰਤਨ ਵਿਚ ਵਿਆਖਿਆ, ਸ਼ਬਦ ਭੇਟਾ, ਨਿਸ਼ਕਾਮ ਕੀਰਤਨ, ਕੀਰਤਨੀਆਂ ਦੇ ਗੁਣ ਔਗੁਣ, ਅੱਜਕੱਲ ਦੇ ਕਵੀ ਦਰਬਾਰ ਆਦਿ, ਕਈ ਗੱਲਾਂ ਹਨ ਜੋ ਆਮ ਸੰਗਤਾਂ ਨੂੰ ਜਾਨਣੀਆਂ ਜਰੂਰੀ ਹਨ। ਭਾਈ ਸਾਹਿਬ ਨੇ ਇਹਨਾਂ ਬਾਰੇ ਚੰਗੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ।

ਭਾਈ ਸਾਹਿਬ ਗੁਰਚਰਨ ਸਿੰਘ ਜੀ ਅਤੇ ਅਵਤਾਰ ਸਿੰਘ ਜੀ ਸੱਚਖੰਡ ਵਾਸੀ ਪੰਥ ਰਤਨ ਮਹਾਨ ਕੀਰਤਨੀਏ ਬਾਬਾ ਜਵਾਲਾ ਸਿੰਘ ਜੀ ਦੇ ਸਪੁਤ੍ਰ ਹਨ। ਬਾਬਾ ਜੀ ਨੇ ਆਪਣੇ ਸਮੇਂ ਪੰਥ ਦੀ ਅਤੇ ਗੁਰਮਤ ਪ੍ਰਚਾਰ ਦੀ ਬਹੁਤ ਸੇਵਾ ਕੀਤੀ ਸੀ। ਪਿਤਾ ਜੀ ਕੋਲੋਂ ਵਿਰਸੇ ਵਿਚ ਮਿਲੀ ਸੰਗੀਤ ਦੀ ਦਾਤ ਨਾਲ ਆਪਣੀ ਘਾਲਣਾ, ਅਤੇ ਕਮਾਈ ਵਿਦਵਤਾ ਪ੍ਰਬੀਨਤਾ ਜੋੜਕੇ ਭਾਈ ਸਾਹਿਬ ਗੁਰੂ ਘਰ ਲਈ ਸੁੱਚੀ ਸੇਵਾ ਕੀਰਤਨ ਅਤੇ ਪ੍ਰਚਾਰ ਦੀ ਕਰ ਰਹੇ ਹਨ। ਇਸੇ ਸਦਕਾ ਭਾਈ ਸਾਹਿਬ ਗੁਰਚਰਨ ਸਿੰਘ ਜੀ ਨੇ ਕੀਰਤਨ ਸੰਬੰਧੀ ਜੋ ਗਿਆਤ ਕਰਵਾਈ ਹੈ। ਉਹ ਲਾਭਵੰਦੀ ਅਤੇ ਬਹੁਮੁੱਲੀ ਹੈ। ਗੁਰਮਤ ਪ੍ਰਚਾਰ ਟ੍ਰਸਟ ਇਹਨਾਂ ਦਾ ਅਤੀ ਧੰਨਵਾਦੀ ਹੈ।

**ਅਰਦਮਨ ਸਿੰਘ**
**ਵਾਈਸ ਚੇਅਰਮੈਨ, ਗੁਰਮਤਿ ਪ੍ਰਚਾਰ ਟ੍ਰਸਟ**



ਭਾਸ਼ਾ ਵਿਭਾਗ ਪੰਜਾਬ ਵਲੋਂ ਭਾਈ ਅਵਤਾਰ ਸਿੰਘ ਜੀ ਸ਼੍ਰੋਮਣੀ ਰਾਗੀ
ਅਵਾਰਡ, 1984 ਗੋਲਡ ਮੈਡਲ ਗਵਰਨਰ ਪੰਜਾਬ ਤੋਂ ਲੈਂਦੇ ਹੋਏ।



ਭਾਈ ਅਵਤਾਰ ਸਿੰਘ ਜੀ ਸ੍ਰੀ ਆਈ. ਕੇ. ਗੁਜਰਾਲ ਪਾਸੋਂ ਇਨਾਮ ਪ੍ਰਾਪਤ
ਕਰਦੇ ਹੋਏ।



ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਭਾਈ ਗੁਰਚਰਨ ਸਿੰਘ ਜੀ ਨੂੰ
ਆਈ. ਕੇ. ਗੁਜਰਾਲ ਪਾਸੋਂ ਸਨਮਾਨ ਪ੍ਰਾਪਤ ਕਰਦੇ ਹੋਏ।



ਭਾਈ ਗੁਰਚਰਨ ਸਿੰਘ ਜੀ ਗੁ. ਪ੍ਰ. ਕਮੇਟੀ ਦਿੱਲੀ ਵਲੋਂ ਸਨਮਾਨ ਪ੍ਰਾਪਤ ਕਰਦੇ ਹੋਏ।

ਦੀ ਰਸਿਕ ਰੁੱਚੀ ਪੈਦਾ ਹੋ ਜਾਣੀ ਕੁਦਰਤੀ ਗਲ ਸੀ। ਇਸ ਰਸਿਕ ਮਨੁੱਖ ਨੇ ਨਦੀਆਂ, ਨਾਲਿਆਂ, ਦਰਿਆਵਾਂ ਤੇ ਸਮੁੰਦਰਾਂ ਦੇ ਪਾਣੀ ਦੀਆਂ ਲਹਿਰਾਂ, ਛੱਲਾਂ ਵਿਚੋਂ ਸੰਗੀਤ ਸੁਣਿਆ। ਪਹਾੜਾਂ ਦੀ ਹਿੱਕ ਵਿੱਚੋਂ ਫੁੱਟਦੇ ਚਸ਼ਮਿਆਂ ਤੇ ਵਗਦੇ ਝਰਨਿਆਂ ਦੇ ਪਾਣੀ ਦੀ ਕੁਲ ਕੁਲ ਵਿਚੋਂ ਸੰਗੀਤ ਰਸ ਮਾਣਿਆ, ਵਗਦੀ ਪੌਣ ਦੀ ਸਰਸਰਾਹਟ ਵਿਚੋਂ ਤੇ ਬਨਸਪਤੀ ਨਾਲ ਪਵਣ ਦੀ ਛੋਹ ਨਾਲ ਜੋ ਅਚਰਜ ਸੰਗੀਤ ਪੈਦਾ ਹੁੰਦਾ ਸੀ ਉਹ ਸ੍ਰਵਣ ਕੀਤਾ। ਇਸ ਸਭ ਕਾਸੇ ਦੇ ਵਿਚੋਂ ਮਨੁੱਖ ਨੇ ਚਤੁਰ ਬੁੱਧੀ ਦੇ ਬਲ ਨਾਲ ਕਈ ਭਾਂਤੀ ਦੀਆਂ ਸੁਰਾਂ ਲੱਭ ਲਈਆਂ। ਇਕ ਨਿਕੀ ਜਿਹੀ ਕੀੜੀ ਦੀ ਗੁਣ ਗੁਣ ਤੋਂ ਲੈ ਕੇ ਸ਼ੇਰਾਂ, ਹਾਥੀਆਂ ਦੀਆਂ ਚਿੰਘਾੜਾਂ ਵਿਚੋਂ ਸੁਰਾਂ ਲੱਭ ਲਈਆਂ ਤੇ ਆਪਣੇ ਗਲੇ ਵਿਚੋਂ ਇਨ੍ਹਾਂ ਆਵਾਜ਼ਾਂ ਦਾ ਉਤਰਾ ਚੜ੍ਹਾਅ ਕਰਕੇ ਸੰਗੀਤ ਪ੍ਰਗਟ ਕਰ ਲਿਆ। ਭਾਰਤ ਦੇ ਮਹਾਨ ਸੰਗੀਤਕਾਰ ਬੈਜੂ ਬਾਵਰੇ ਦੇ ਇਕ ਕਬਿਤ ਵਿਚ ਇਸ ਕਥਨ ਦੀ ਪੁਸ਼ਟੀ ਹੋ ਜਾਂਦੀ ਹੈ :

**ਮੋਰ ਹੂੰ ਕੀ ਬਾਤ ਤੇ ਸੁਧਾਰ ਖਰਜ ਬਾਂਧ ਲੀਜੈ**
**ਚਾਤ੍ਰਿਕ ਕੇ ਬੋਲ ਸੇ ਰਿਖਭ ਸੁਰ ਧਰੇ ਹੈਂ।**
**[1]ਅਜਾ ਕੀ ਆਵਾਜ਼ ਸੇ ਗੰਧਾਰ ਕੋ ਉਚਾਰ ਲੀਓ**
**[2]ਕੂੰਜ ਕੇ ਆਲਾਪ ਮੇ ਮਧੱਮ ਸੁਰ ਭਰੇ ਹੈਂ।**
**ਕੋਕਿਲਾ ਕੀ ਕੂਕ ਸੇ ਪੰਚਮ ਤਿਆਰ ਕੀਓ**
**[3]ਧੈਵਤ ਕੀ ਸੇਧ ਸੁਰ [4]ਦਾਦਰ ਕੀ ਸਰੈ ਹੈਂ।**
**[5]ਗੱਜ ਕੀ ਗੂੰਜ ਸੇ ਨਿਖਾਦ ਹੈ ਬਨਾਓ ਗੁਨੀ**
**ਕਹੈ ਬੈਜੂਬਾਵਰਾ ਸਪਤ ਸੁਰ ਕਰੋ ਹੈ।**

ਅੱਜ ਦੀ ਸਾਇੰਸ ਨੇ ਤਾਂ ਏਹ ਵੀ ਸਾਬਤ ਕਰ ਦਿਤਾ ਹੈ ਕਿ ਸਾਰੀ ਪ੍ਰਕਿਰਤੀ ਵਿਚੋਂ ਫੁਟ ਰਹੀਆਂ ਸੰਗੀਤ ਮਈ ਆਵਾਜ਼ਾਂ ਦਾ ਅਸਰ ਖੁਦ ਪ੍ਰਕਿਰਤੀ ਉਪਰ ਵੀ ਤੇ ਚੌਰਾਸੀ ਲੱਖ ਜੂਨਾਂ ਉਪਰ ਹੁੰਦਾ ਆਇਆ ਹੈ ਤੇ ਹੋ ਰਿਹਾ ਹੈ। ਏਸ ਮਨੁਖ ਨੇ ਆਪਣਾ ਦੁੱਖ ਸੁੱਖ ਪ੍ਰਗਟ ਕਰਨ ਲਈ ਬੋਲੀ ਰਚੀ ਤੇ ਇਸ ਭਾਸ਼ਾ ਬੋਲੀ ਨੂੰ ਜ਼ਿਆਦਾ ਅਸਰ ਭਰਪੂਰ ਕਰਨ ਲਈ ਕਵਿਤਾ ਰਚੀ ਤੇ ਕਵਿਤਾ ਨੂੰ ਅਤੀ ਪ੍ਰਭਾਵਸ਼ਾਲੀ ਕਰਨ ਲਈ ਗਾਉਣ ਲਈ ਰਾਗ

1. (ਬਾਬੀਹਾ), 2. (ਬਕਰੀ), 3. (ਕੋਇਲ), 4. (ਡਡੂ), 5. (ਹਾਥੀ)

ਪੈਦਾ ਕੀਤਾ। ਖੇਤੀਬਾੜੀ ਤੇ ਹੋਰ ਔਖੇ ਕੰਮਾਂ ਵਿਚ ਰੁੱਝੇ ਬੰਦੇ ਨੇ ਕਠਿਨ ਮਿਹਨਤ ਮੁਸਕਲ ਨਾਲ ਹੋ ਜਾਂਦੀ ਥਕਾਵਟ ਵਿਚ ਸੁਖ ਆਰਾਮ ਪ੍ਰਾਪਤ ਕਰਨ ਦਾ ਉਪਾਵ ਲੱਭ ਲਿਆ। ਬੋਲੀ ਕਵਿਤਾ ਨੂੰ ਰਾਗ ਵਿਚ ਪਾਕੇ ਹੈਰਾਨ ਕਰ ਦੇਣ ਵਾਲੇ ਅਸਰ ਨਾਲ ਭਰਪੂਰ ਕਰ ਦਿਤਾ। ਆਪਣੇ ਮਨ ਦੇ ਭਾਵ ਦੀ ਭਾਸ਼ਾ ਨੂੰ ਕਵਿਤਾ ਦਾ ਰੂਪ ਦੇਕੇ ਫਿਰ ਰਾਗ ਵਿਚ ਗਾ ਕੇ ਜਾਂ ਸੁਣ ਕੇ ਕਠਿਨ ਮਿਹਨਤ ਮੁਸ਼ੱਕਤ ਨਾਲ ਪੈਦਾ ਹੋਏ ਅਕੇਵੇਂ ਤੇ ਥਕੇਵੇਂ ਅਤੇ ਹੋਰ ਚਿੰਤਾਵਾਂ ਨੂੰ ਦੂਰ ਕਰਕੇ ਸੁਖ ਆਰਾਮ ਪ੍ਰਾਪਤ ਕਰਨ ਦਾ ਸਾਧਨ ਸੰਗੀਤ ਨੂੰ ਹੀ ਪ੍ਰਤੀਤ ਕੀਤਾ। ਇਸ ਤਰ੍ਹਾਂ ਸੰਗੀਤ ਦੀ ਰੂਪ ਰੇਖਾ ਪ੍ਰਗਟ ਹੋਣ ਅਤੇ ਨਿਖਰਨ ਲੱਗ ਪਈ ਸੀ।

ਸੰਗੀਤ ਦੀ ਈਜਾਦ ਬਾਰੇ ਵੱਖ ਵੱਖ ਮੁਲਕਾਂ ਦੀਆਂ ਬਹੁਤ ਦਿਲਚਸਪ ਵਾਰਤਾਵਾਂ ਹਨ। ਇਸਲਾਮ ਵਿਚ ਇਕ ਕਹਾਣੀ ਹੈ ਕਿ ਹਜ਼ਰਤ ਸੁਲੇਮਾਨ ਨੇ ਫਾਰਸ ਦੇਸ਼ ਵਿਚ ਆਪਣੇ ਇਕ ਸ਼ਾਗਿਰਦ ਹਕੀਮ ਨੂੰ ਤਾਕੀਦ ਕੀਤੀ ਸੀ ਕਿ ਸਵੇਰੇ ਵੱਡੇ ਤੜਕੇ ਦਰਿਆ ਕਿਨਾਰੇ ਜਾਵੇ ਉਥੇ ਉਸ ਨੂੰ ਅਲ੍ਹਾ ਤਾਲਾ ਇਕ ਨਵਾਂ ਇਲਮ ਬਖਸ਼ੇ ਗਾ। ਇਸ ਸਿਖਿਆ ਮੁਤਾਬਿਕ ਉਹ ਹਕੀਮ ਵਡੇ ਤੜਕੇ ਦਰਿਆ ਕਿਨਾਰੇ ਗਿਆ ਦਰਿਆ ਵਿਚੋਂ ਇਕ ਬਹੁਤ ਹੀ ਮਧੁਰ ਆਵਾਜ਼ ਨਿਕਲੀ। ਉਸ ਆਵਾਜ਼ ਵਿਚੋਂ ਉਸ ਹਕੀਮ ਨੇ ਸੰਗੀਤ ਪੈਦਾ ਕਰ ਲਿਆ ਤੇ ਸੰਗੀਤ ਨੂੰ ਹੀ ਰੱਬੀ ਬਖਸ਼ਿਸ਼ ਜਾਣਿਆ ਤੇ ਪੂਰਨ ਭਰੋਸਾ ਕੀਤਾ। ਭਾਰਤ ਵਿਚ ਸੰਗੀਤ ਦਾ ਰਚਨਹਾਰ ਸ੍ਰਿਸ਼ਟੀ ਨੂੰ ਰਚਨ ਵਾਲਾ ਬ੍ਰਹਮਾ ਹੀ ਮੰਨਿਆ ਹੈ। ਸ਼ਿਵਜੀ ਅਤੇ ਨਾਰਦ ਆਦਕਾਂ ਨੇ ਸੰਗੀਤ ਨੂੰ ਬਹੁਤ ਪ੍ਰਚਾਰਿਆ ਸੀ। ਪੌਣ ਪਾਣੀ ਅਥਵਾ ਜੜ੍ਹ ਜੂਨਾਂ ਤੇ ਹਿਲਣ ਜੁਲਣ ਵਾਲੀਆਂ ਜੂਨਾਂ ਦੀਆਂ ਆਵਾਜ਼ਾਂ ਵਿਚੋਂ ਸੁਰਾਂ ਦਾ ਆਪਣੇ ਗਲੇ ਵਿਚੋਂ ਉਤਾਰ ਚੜਾਅ ਕਰਕੇ ਕਈ ਰਾਗ ਤੇ ਤਾਲ ਬੰਦੇ ਨੇ ਈਜ਼ਾਦ ਕਰ ਲਏ। ਸੱਤਾਂ ਸੁਰਾਂ, ਤੀਬਰ ਕੋਮਲ ਸੁਰਾਂ ਅਤੇ ਬਹੁਤ ਸਾਰੇ ਰਾਗਾਂ ਦੇ ਪ੍ਰਗਟ ਹੋਣ ਬਾਰੇ ਇਕ ਹੋਰ ਕਥਾ ਵੀ ਹੈ। ਇਕ ਕੁਕਨੂਸ ਨਾਮ ਦਾ ਜਾਨਵਰ ਕੋਹੇ ਕਾਫ ਤੇ ਰਹਿੰਦਾ ਹੈ। ਉਹ ਪੰਛੀ ਨਾ ਨਰ ਹੈ ਤੇ ਨਾ ਮਦੀਨ। ਉਸ ਦੇ ਗਲੇ ਵਿਚ ਸੱਤ ਸੁਰਾਖ ਹਨ ਇਨ੍ਹਾਂ ਸੱਤਾਂ ਤੋਂ ਇਲਾਵਾ ਗਲੇ ਵਿਚ ਹੀ ਹੇਠਾਂ ਉਪਰ ਹੋਰ ਵੀ ਤਿੰਨ ਸੌ ਸੱਠ ਸੁਰਾਖ ਹਨ ਉਨ੍ਹਾਂ ਸਾਰਿਆਂ ਛੇਕਾਂ ਵਿਚੋਂ ਵੱਖ-ਵੱਖ ਭਾਂਤ ਦੀਆਂ ਆਵਾਜ਼ਾਂ ਨਿਕਲਦੀਆਂ ਹਨ ਉਨ੍ਹਾਂ ਵੱਖ ਵੱਖ ਭਾਂਤ ਦੀਆਂ ਆਵਾਜ਼ਾਂ ਵਿਚੋਂ ਹੀ ਤੀਬਰ ਤੇ ਕੋਮਲ ਸੁਰਾਂ ਵਾਲੇ ਅਨਿਕ ਭਾਂਤ ਦੇ ਰਾਗ ਬਣ ਜਾਂਦੇ ਹਨ। ਸੱਤਾਂ ਸੁਰਾਖਾਂ ਵਿਚੋਂ ਨਿਕਲਦੀਆਂ ਆਵਾਜ਼ਾਂ ਨਾਲ ਸੰਪੂਰਨ ਰਾਗ ਬਣ ਜਾਂਦਾ ਹੈ ਤੇ ਛੇ ਸ਼ੇਕਾਂ

ਵਿਚੋਂ ਖੌੜਵ ਅਤੇ ਪੰਜਾ ਸ਼ੇਕਾਂ ਵਿਚੋਂ ਔੜਵ ਰਾਗ ਬਣਦਾ ਹੈ। ਹੇਠਲੇ ਉਤਲੇ ਤਿੰਨ ਸੌ ਸੱਠ ਸੁਰਾਖਾਂ ਵਿਚੋਂ ਨਿਕਲਦੀਆਂ ਭਿੰਨ-ਭਿੰਨ ਆਵਾਜ਼ਾਂ ਨਾਲ ਭਿੰਨ-ਭਿੰਨ ਰਾਗ ਬਣ ਜਾਂਦੇ ਹਨ। ਉਸ ਪੰਛੀ ਦੀ ਉਮਰ ਇਕ ਹਜ਼ਾਰ ਸਾਲ ਮੰਨੀ ਜਾਂਦੀ ਹੈ। ਜਦੋਂ ਉਸ ਦਾ ਅੰਤ ਸਮਾਂ ਆਉਂਦਾ ਹੈ ਉਹ ਜੰਗਲ ਵਿਚੋਂ ਹੀ ਛੋਟੀਆਂ ਛੋਟੀਆਂ ਲੱਕੜਾਂ ਦੇ ਤਿਣਕੇ ਇਕੱਠੇ ਕਰਕੇ ਇਕ ਢੇਰ ਬਣਾ ਲੈਂਦਾ ਹੈ। ਉਸ ਢੇਰੀ ਦੇ ਲਾਗੇ ਉਹ ਮਸਤੀ ਵਿਚ ਨੱਚਦਾ ਹੈ ਤੇ ਕਈ ਭਾਂਤ ਦੇ ਸੁਰੀਲੇ ਰਾਗ ਅਲਾਪਦਾ ਹੈ। ਅੰਤ ਵਿਚ ਉਸ ਦੇ ਗਲੇ ਵਿਚੋਂ ਐਸਾ ਰਾਗ ਨਿਕਲਦਾ ਹੈ ਜਿਸ ਦੀ ਤਪਸ਼ ਨਾਲ ਹੀ ਉਸ ਲੱਕੜੀ ਦੇ ਤਿਣਕਿਆਂ ਦੇ ਢੇਰ ਨੂੰ ਅੱਗ ਲਗ ਜਾਂਦੀ ਹੈ ਤੇ ਉਸੇ ਅੱਗ ਵਿਚ ਹੀ ਮਸਤੀ ਵਿਚ ਗਾਉਂਦਾ ਗਾਉਂਦਾ ਉਹ ਪੰਛੀ ਸੜ ਮਰਦਾ ਹੈ, ਉਸੇ ਆਵਾਜ਼ ਨੂੰ ਦੀਪਕ ਰਾਗ ਮੰਨਿਆ ਹੈ। ਉਸ ਲੱਕੜੀ ਦੇ ਢੇਰ ਦੀ ਸੜ ਕੇ ਸੁਵਾਹ ਦੀ ਢੇਰੀ ਬਣ ਜਾਂਦੀ ਹੈ। ਜਦੋਂ ਉਸ ਉਪਰ ਬਾਰਸ਼ ਬਰਸਦੀ ਹੈ ਤਾਂ ਉਸ ਸਵਾਹ ਦੇ ਢੇਰ ਵਿਚੋਂ ਇਕ ਆਂਡਾ ਬਣ ਜਾਂਦਾ ਹੈ। ਵੀਹ ਦਿਨਾਂ ਪਿਛੋਂ ਉਸ ਆਂਡੇ ਵਿਚੋਂ ਪੰਛੀ ਜਨਮ ਲੈਂਦਾ ਹੈ ਤੇ ਇਸ ਤਰ੍ਹਾਂ ਉਸ ਪੰਛੀ ਦੀ ਅੰਸ਼ ਚਲਦੀ ਰਹਿੰਦੀ ਹੈ। ਸੋ ਇਸ ਤਰ੍ਹਾਂ ਸੰਗੀਤ ਦੀ ਈਜਾਦ ਬਾਰੇ ਵੱਖੋ-ਵਖ ਦੇਸ਼ਾਂ ਤੇ ਵੱਖੋ-ਵਖ ਕੌਮਾਂ ਦੀਆਂ ਰਾਵਾਂ ਹਨ। ਖ਼ੈਰ ਕਿਸੇ ਤਰ੍ਹਾਂ ਵੀ ਸੰਗੀਤ ਈਜਾਦ ਹੋਇਆ ਇਸ ਦਾ ਜਾਦੂਨੁਮਾ ਅਸਰ ਚੁਰਾਸੀ ਲੱਖ ਜੂਨਾਂ ਉਪਰ ਹੀ ਹੁੰਦਾ ਰਿਹਾ ਹੈ ਤੇ ਹੋ ਰਿਹਾ ਹੈ ਤੇ ਕਿਆਮਤ ਤਕ ਹੁੰਦਾ ਰਹੇਗਾ। ਚਾਰੇ ਵੇਦ ਤੇ ਛੇ ਸ਼ਾਸਤਰ, ਅਠਾਰਾਂ ਪੁਰਾਣ, ਸਤਾਈ ਸਿਮਰਤੀਆਂ ਦੇ ਲਿਖਤ ਵਿਚ ਆਉਣ ਤੋਂ ਪਹਿਲਾਂ ਹੀ ਬੇਅੰਤ ਰਾਗ ਤੇ ਤਾਲ ਰਚੇ ਜਾ ਚੁਕੇ ਸਨ। ਸਬੂਤ ਵਜੋਂ ਉਹਨਾਂ ਗ੍ਰੰਥਾਂ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ। ਮੇਰੀ ਸਰੋਤ ਖੋਜ ਤੇ ਸਮਝ ਮੁਤਾਬਿਕ ਸੰਗੀਤ ਦੇ ਅਥਾਹ ਸਾਗਰ ਵਿਚ ਜਿਤਨੀ ਡੂੰਘੀ ਚੁੱਭੀ ਭਾਰਤ ਦੇ ਸੰਗੀਤਕਾਰਾਂ ਨੇ ਮਾਰੀ ਹੈ ਉਤਨੀ ਹੋਰ ਦੇਸ਼ਾਂ ਦੇ ਸੰਗੀਤਕਾਰ ਨਹੀਂ ਮਾਰ ਸਕੇ। ਇਸ ਸੰਗੀਤ ਸਾਗਰ ਦੀਆਂ ਗਹਿਰਾਈਆਂ ਵਿਚੋਂ ਅਨਮੋਲ ਸੰਗੀਤ ਰੂਪੀ ਮੋਤੀਆਂ ਦੀਆਂ ਸਿਪੀਆਂ ਨੂੰ ਕੇਵਲ ਭਾਰਤ ਦੇ ਸੰਗੀਤਕਾਰ ਮਰਜੀਵੜੇ ਬਣਕੇ ਹੀ ਪ੍ਰਾਪਤ ਕਰ ਸਕੇ ਹਨ ਤੇ ਉਹਨਾਂ ਰਾਗ ਰਤਨਾਂ ਨੂੰ ਦੁਨੀਆਂ ਦੇ ਲੋਕਾਂ ਵਿਚ ਵੰਡ ਕੇ ਮਾਲਾ ਮਾਲ ਤੇ ਨਿਹਾਲ ਕਰ ਸਕੇ ਹਨ। ਭਾਰਤੀ ਗਵਯੀਆਂ ਨੇ ਆਪਣੇ ਆਪਣੇ ਸੰਗੀਤਕ ਮਤ ਚਲਾਏ ਤੇ ਬੇਅੰਤ ਨਵੇਂ ਨਵੇਂ ਰਾਗ ਈਜਾਦ ਕੀਤੇ। ਸੰਗੀਤ ਦੀ ਅਹਿਮੀਅਤ ਬਾਰੇ ਤਾਂ ਕਹਿੰਦੇ ਹਨ ਕਿ ਪਰਮੇਸ਼ਰ ਨੇ ਨਾਰਦ ਮੁਨੀ ਨੂੰ ਕਿਹਾ ਸੀ ਕਿ ਨਾ ਮੈਂ ਕਿਸੇ ਸੁਵਰਗ ਵਿਚ ਰਹਿੰਦਾ ਹਾਂ ਤੇ ਨਾ ਹੀ ਜੋਗੀਆਂ

ਦੇ ਦਿਲ ਵਿਚ ਰਹਿੰਦਾ ਹਾਂ, ਮੇਰਾ ਨਿਵਾਸ ਤਾਂ ਉਸ ਥਾਂ ਹੈ ਜਿਥੇ ਮੇਰੇ ਭਗਤ ਸੁਰੀਲਾ ਸੰਗੀਤ ਗਾਉਂਦੇ ਸੁਣਦੇ ਹਨ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਏਹੋ ਕਿਹਾ ਕਰਦੇ ਸਨ ਕਿ ਮਰਦਾਨਿਆਂ ਰਬਾਬ ਵਜਾ ਬਾਣੀ ਆਈ ਹੈ। ਇਸ ਬਾਣੀ ਨੂੰ ਰਾਗ ਵਿਚ ਗਾਇਨ ਕਰਕੇ ਆਪਣੇ ਸ਼ੋਹ ਅਕਾਲ ਪੁਰਖ ਦੀ ਸੇਜਾ ਦਾ ਸੁਆਦ ਮਾਣ ਲਈਏ। ਇਕ ਪ੍ਰਸਿਧ ਕਵੀ ਜਾਰਜ ਮੇਰੀ ਡਿੱਥ ਨੇ ਰੱਬ ਦੀਆਂ ਬਖਸ਼ਿਸ਼ਾਂ ਵਿਚੋਂ ਸਭ ਤੋਂ ਦੁਰਲਭ ਬਖਸ਼ਿਸ਼ ਅਤੀ ਸੁੰਦਰ ਤੇ ਸੁਸ਼ੀਲ ਔਰਤ ਦੀ ਪ੍ਰਾਪਤੀ ਦਸਿਆ ਸੀ ਪਰ ਉਸ ਦੇ ਉੱਤਰ ਵਿਚ ਇਕ ਅਤੀ ਪਰੀ ਨੁਮਾ ਸੁੰਦਰ ਨਾਰੀ ਨੇ ਕਿਹਾ ਸੀ ਕਿ ਇਸ ਤੋਂ ਵੀ ਦੁਰਲਭ ਰੱਬੀ ਬਖਸ਼ਿਸ਼ ਹੈ ਸੁਰੀਲੇ ਸੰਗੀਤ ਦੀ ਪ੍ਰਾਪਤੀ।

ਦੁਨਿਆਂ ਦੀਆਂ ਪ੍ਰਸਿੱਧ ਮਹਾਨ ਸ਼ਖਸੀਅਤਾਂ ਦੇ ਸੰਗੀਤ ਬਾਰੇ ਏਹ ਵੀਚਾਰ ਹਨ : - ਜਿਸ ਬੰਦੇ ਦੇ ਹਿਰਦੇ ਵਿਚ ਸੰਗੀਤ ਦੀ ਕੋਈ ਝਲਕ ਨਹੀਂ ਅਥਵਾ ਸੁੰਦਰ ਸੰਗੀਤ ਦਾ ਅਸਰ ਜਿਸ ਦੇ ਦਿਲ ਉਪਰ ਨਾ ਹੁੰਦਾ ਹੋਵੇ ਉਹ ਮਨੁਖ ਭੈੜੀਆਂ ਜੂਨਾਂ ਤੋਂ ਵੀ ਬੁਰਾ ਅਤੀ ਖੂਨ ਖਾਰ ਡਾਕੂ ਤੇ ਲੁਟੇਰਾ ਹੀ ਹੋ ਸਕਦਾ ਹੈ। (ਸ਼ੈਕਸਪੀਅਰ)

ਮੇਰੀ ਬੀਮਾਰੀ ਜਿਤਨੀ ਜਲਦੀ ਸੁਰੀਲੇ ਸੰਗੀਤ ਸੇ ਦੂਰ ਹੋ ਸਕਤੀ ਹੈ ਉਤਨੀ ਜਲਦੀ ਕਿਸੀ ਔਸ਼ਧੀ ਸੇ ਨਹੀਂ ਦੂਰ ਹੋ ਸਕਤੀ।

**(ਮਹਾਤਮਾ ਗਾਂਧੀ)**

ਜਹਾਂ ਸੁਰੀਲਾ ਸੰਗੀਤ ਹੋਤਾ ਹੈ ਵਹਾਂ ਮੈਂ ਅਪਣੇ ਆਪ ਕੋ ਖੋ ਬੈਠਤੀ ਹੂੰ।

**(ਲਤਾ ਮੰਗੇਸ਼ਕਰ)**

ਸੁਰ ਕੀ ਠੋਕਰ ਖਾ ਕਰ ਪੱਥਰ ਵੀ ਪਾਨੀ ਹੋ ਸਕਤਾ ਹੈ।

**(ਉਸਤਾਦ ਬਿਸਮਿੱਲਾ ਖਾਂ)**

ਸੁਰ ਕੀ ਮਾਰ ਬੜੀ ਬਿਕਟ ਹੋਤੀ ਹੈ।

**(ਉਸਤਾਦ ਅਮੀਰ ਖਾਂ)**

ਰਾਗ ਤੂੰ ਕਿਸ ਮੋਹਨੀ ਦੇ ਰੂਪ ਦਾ ਸ਼ਿੰਗਾਰ ਹੈਂ
ਤੂੰ ਕਿਸ ਬਹਿਸ਼ਤੀ ਹੂਰ ਦੀ ਪਾਜ਼ੇਬ ਦਾ ਛਿਣਕਾਰ ਹੈਂ
ਸਿਰ ਝੁਕਦਾ ਹੈ ਹੁਸੀਨਾਂ ਦਾ ਤੇਰੀ ਦੈਹਲੀਜ ਤੇ-ਇਤਿਆਦਿਕ

**(ਲਾਲਾ ਧਨੀ ਰਾਮ ਚਾਤ੍ਰਿਕ)**

ਸੁਰ ਕੇ ਪ੍ਰਭਾਵ ਸੇ ਮੈਂ ਨੇ ਹਿੰਸਕ ਸ਼ੇਰ ਕੋ ਐਸਾ ਮੁਗਧ ਕਰ ਦੀਆਂ ਥਾ ਕਿ ਉਸ ਕੀ ਆਖੋਂ ਸੇ ਕੁੱਤੇ ਜੈਸੀ ਮੁਹੱਬਤ ਟਪਕਨੇ ਲਗੀ ਥੀ।

(ਓਅੰਕਾਰ ਨਾਥ ਠਾਕੁਰ)

ਮੇਰੇ ਪੂਜ ਪਿਤਾ ਸੱਚ ਖੰਡ ਵਾਸੀ ਭਾਈ ਸਾਹਿਬ ਬਾਬਾ ਜੁਵਾਲਾ ਸਿੰਘ ਜੀ ਦੇ ਜੀਵਨ ਵਿਚ ਭੀ ਇਕ ਐਸੀ ਘਟਨਾ ਵਾਪਰੀ ਸੀ ਜੋ ਕਿ ਪਿਤਾ ਜੀ ਪਾਸੋਂ ਭੀ ਸੁਣੀ ਤੇ ੧੯੭੨ ਵਿਚ ਸ੍ਰੀ ਹਜ਼ੂਰ ਸਾਹਿਬ ਯਾਤਰਾ ਤੇ ਗਏ ਹੋਏ ਇਕ ਬਜ਼ੁਰਗ ਨਾਲ ਕੁਦਰਤਨ ਮਿਲਾਪ ਹੋਣ ਤੇ ਉਸ ਨੇ ਅਪਣੀ ਅੱਖੀਂ ਦੇਖੀ ਉਹ ਘਟਨਾ ਸਾਨੂੰ ਸੁਣਾਈ ਸੀ। ਲਾਇਲਪੁਰ ਦੀ ਬਾਰ ਦੇ ਇਲਾਕੇ ਵਿਚ ਇਕ ਨਗਰ ਗੁਮਟਾਲਾ ਸੀ ਤੇ ਉਹ ਬਜੁਰਗ ਉਥੇ ਦਾ ਰਹਿਣ ਵਾਲਾ ਸੀ। ੧੯੪੭ ਵਿਚ ਉਹ ਨੱਗਰ ਭੇਵੇ ਹਰਿਆਣੇ ਵਿਚ ਆ ਵਸਿਆ ਸੀ। ਗੁਮਟਾਲੇ ਇਕ ਵਾਰੀ ਨਗਰ ਨਿਵਾਸੀਆਂ ਨੇ ਕੀਰਤਨ ਦੀ ਸੇਵਾ ਲਈ ਪਿਤਾ ਜੀ ਨੂੰ ਬੁਲਾਇਆ ਸੀ। ਬਾਰ ਦੇ ਪਿੰਡਾ ਦੇ ਦਰਮਿਆਨ ਹਰ ਤਰਾਂ ਦੇ ਧਾਰਮਿਕ ਭਾਈਚਾਰਕ ਤੇ ਮਨੋਰੰਜਨ ਲਈ ਇਕੱਠ ਕਰਨ ਲਈ ਇਕ ਖੁੱਲੀ ਥਾਂ ਛੱਡੀ ਹੁੰਦੀ ਸੀ। ਉਸ ਪਿੰਡ ਵਿਚ ਭੀ ਰਾਤ ਦੇ ਦੀਵਾਨ ਦਾ ਪ੍ਰਬੰਧ ਉਸ ਖੁੱਲੀ ਥਾਂਵੇ ਕੀਤਾ ਗਿਆ ਸੀ। ਲੋਕੀ ਆਪਣੇ ਕੰਮਾਂ ਤੋਂ ਵੇਹਲੇ ਹੋ ਕੇ ਪ੍ਰਸ਼ਾਦ ਪਾਣੀ ਛੱਕ ਕੇ ਕੀਰਤਨ ਸੁਣਨ ਲਈ ਜੁੜ ਬੈਠੇ ਸਨ। ਰੋਸ਼ਨੀ ਲਈ ਮਿਟੀ ਦੇ ਤੇਲ ਦੀਆਂ ਲੈਂਪਾਂ ਤੇ ਇਕ ਅੱਧ ਗੈਸ ਸੀ। ਇਕ ਤਖਤ ਪੋਸ਼ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਤੇ ਉਸ ਤੋਂ ਥੋੜਾ ਨੀਵਾਂ ਇਕ ਤਖਤ ਪੋਸ਼ ਰਾਗੀ ਜਥੇ ਵਾਸਤੇ ਸੀ। ਉਸ ਉਪਰ ਬੈਠ ਕੇ ਪਿਤਾ ਜੀ ਜੋ ਕਿ ਤੰਤੀ ਸਾਜ ਤਾਊਸ ਦੇ ਬਹੁਤ ਉੱਘੇ ਵਜੰਤਰੀ ਸਨ ਨੇ ਤਾਊਸ ਸੁਰ ਕੀਤਾ ਤੇ ਉਸ ਤੇ ਨਗਮਾ (ਧੁਨ) ਵਜਾਇਆ ਤਬਲੇ ਤੇ ਸਾਡੇ ਤਾਏ ਦੇ ਪੁੱਤਰ ਵੀਰ ਭਾਈ ਸ਼ੇਰ ਸਿੰਘ ਨੇ ਜਿਸ ਦਾ ਤਬਲੇ ਦਾ ਹੱਥ ਬਹੁਤ ਮਿੱਠਾ ਸੀ ਗਤਾਂ, ਪ੍ਰਣਾਂ, ਲਗਾਂ ਆਦਿਕ ਵਜਾਈਆਂ। ਸਾਹਮਣੇ ਇਕ ਕੱਚੀ ਕੰਧ ਸੀ ਉਸ ਵਿਚੋਂ ਇਕ ਫਨੀਅਰ ਸੱਪ ਨਿਕਲ ਕੇ ਤਖਤ ਪੋਸ਼ ਦੇ ਸਾਹਮਣੇ ਆ ਗਿਆ। ਲੋਕ ਡਰ ਕੇ ਉਸ ਨੂੰ ਮਾਰਨ ਦਾ ਉਪਾਅ ਸੋਚਣ ਲਗੇ ਪਰ ਪਿਤਾ ਜੀ ਨੇ ਵਰਜ ਦਿਤਾ। ਕਰੀਬਨ ਪੌਣਾ ਘੰਟਾ ਪਿਤਾ ਜੀ ਨੇ ਤਾਊਸ ਵਜਾਇਆ ਤੇ ਉਹ ਫਨੀਅਰ ਸਰਪ ਮਸਤੀ ਵਿਚ ਝੂਮਦਾ ਰਿਹਾ। ਜਦੋਂ ਤਾਊਸ ਵਜੌਣਾ ਬੰਦ ਕੀਤਾ ਤਾਂ ਉਹ ਸੱਪ ਆਪਣੇ ਆਪ ਜਿਧਰੋਂ ਆਇਆ ਸੀ ਉਧਰੇ ਚਲਾ ਗਿਆ ਸੀ।

ਇਸਲਾਮ ਦੇ ਅਕੀਦੇ ਅਨੁਸਾਰ ਰਾਗ ਮਮਨੂਅ ਤੇ ਮਕਰੂਅ ਹੈ। ਇਸ ਪਵਿਤਰ ਕਲਾ ਤੋਂ ਇਤਨੀ ਨਫਰਤ ਹੋਣ ਦੇ ਅਸਲ ਕਾਰਨ ਦਾ ਤਾਂ ਪਤਾ ਨਹੀਂ ਪਰ ਸਿਆਣੇ ਕੁਝ ਐਸਾ ਅਨੁਮਾਨ ਲਗਾਂਦੇ ਹਨ ਕਿ ਮੁਸਲਮਾਨੀ ਮਤ ਦੇ ਵਡੇ ਵਡੇਰਿਆਂ ਨੇ ਇਸਲਾਮ ਨੂੰ ਫੈਲਾਉਣ ਲਈ ਤਲਵਾਰ ਦੀ ਵਰਤੋਂ

ਨੂੰ ਪਿਆਰ ਦੀ ਵਰਤੋਂ ਨਾਲੋਂ ਵਧੇਰੇ ਤਰਜੀਹ ਦਿਤੀ ਸੀ ਅਤੇ ਇਸ ਤਰੀਕੇ ਵਿਚ ਉਹ ਬੇਹੱਦ ਸਫਲ ਹੋਏ ਸਨ। ਅੱਜ ਦੁਨੀਆਂ ਵਿਚ ਜਿਤਨੀ ਮੁਸਲਮਾਨੀ ਆਬਾਦੀ ਹੈ ਉਨ੍ਹਾਂ ਵਿਚੋਂ ਕੁਝ ਨੀਵੀਆਂ ਜਾਤਾਂ ਵਾਲੇ ਜਿਨਾਂ ਨੂੰ ਅਖੌਤੀ ਉਚੀਆਂ ਜਾਤੀਆਂ ਵਲੋਂ ਨਫਰਤ ਦਾ ਸ਼ਿਕਾਰ ਹੋਣਾ ਪੈਂਦਾ ਸੀ, ਨੂੰ ਛੱਡ ਕੇ ਬਾਕੀ ਲੋਕ ਪਿਆਰ ਨਾਲ ਬਹੁਤ ਹੀ ਘੱਟ ਤੇ ਤਲਵਾਰ ਨਾਲ ਬਹੁਤ ਵਧੇਰੇ ਇਸਲਾਮ ਦੇ ਝੰਡੇ ਥੱਲੇ ਆਏ ਸਨ। ਸੰਗੀਤ ਦਾ ਪ੍ਰੇਮੀ ਰਸਿਕ ਬਿਰਤੀ ਵਾਲਾ ਹੋ ਜਾਂਦਾ ਹੈ। ਰਸਿਕ ਬਿਰਤੀ ਵਾਲਾ ਕਿਸੇ ਦੂਸਰੇ ਮੱਤ ਦੇ ਇਨਸਾਨ ਨੂੰ ਅਪਣੇ ਮਜ਼ਹਬ ਵਿਚ ਘਸੀਟਣ ਲਈ ਪੱਥਰ ਚਿੱਤ ਨਹੀਂ ਹੋ ਸਕਦਾ। ਇਸੇ ਕਾਰਨ ਮੁਸਲਮਾਨ ਸੂਫੀ ਫਕੀਰਾਂ, ਜਿਨਾਂ ਦੀ ਰੁਚੀ ਸੰਗੀਤ ਪ੍ਰੀਤ ਵਾਲੀ ਸੀ ਨੇ ਆਪਣੇ ਹੀ ਮੁਸਲਮਾਨ ਭਾਈਆਂ ਵਲੋਂ ਕੀਤੇ ਜਾ ਰਹੇ ਜ਼ੁਲਮ ਦੀ ਵਿਰੋਧਤਾ ਕੀਤੀ ਸੀ। ਸਾਈ ਮੀਆਂ ਮੀਰ ਤੇ ਸਰਮੱਦ ਵਗੈਰਾ ਦਰਵੇਸ਼ਾਂ ਦੀਆਂ ਬਹੁਤ ਮਿਸਾਲਾਂ ਹਨ। ਉਹ ਪਿਆਰ ਨਾਲ ਪ੍ਰੇਰਨਾ ਰਨ ਦੇ ਹਾਮੀ ਸਨ। ਮੁਸਲਮਾਨ ਬਾਦਸ਼ਾਹ, ਜਿਨ੍ਹਾਂ ਨੇ ਮੁੱਠੀ ਭਰ ਲੋਕਾਂ ਨੂੰ ਨਾਲ ਲੈ ਕੇ ਬਹੁਤ ਮੁਲਕ ਫਤੇ ਕਰ ਲਏ ਤੇ ਆਪਣੀ ਹਕੂਮਤ ਦੂਰ ਦੂਰ ਦੇਸ਼ਾਂ ਵਿਚ ਫੈਲਾ ਲਈ ਉਨਾਂ ਦੀ ਇਹ ਪੱਕੀ ਸੋਚਣੀ ਸੀ ਕਿ ਬਾਦਸ਼ਾਹੀ ਤਲਵਾਰ ਦੀ ਧਾਰ ਵਿਚੋਂ ਪ੍ਰਾਪਤ ਕੀਤੀ ਜਾਂਦੀ ਹੈ ਤੇ ਤਬਲੇ ਦੀ ਟੁਣਕਾਰ ਤੇ ਸਾਰੰਗੀ ਦੀ ਤਾਰ ਵਿਚ ਖਤਮ ਹੋ ਜਾਂਦੀ ਹੈ। ਸਰ ਮੁਹੰਮਦ ਇਕਬਾਲ ਉਰਦੂ ਦੇ ਮਹਾਨ ਸ਼ਾਇਰ ਨੇ ਇਕ ਸ਼ੇਅਰ ਵਿਚ ਇਸ ਖਿਆਲ ਦੀ ਤਾਈਦ ਕੀਤੀ ਸੀ। "ਆ ਤੁਝ ਕੋ ਮੈ ਬਤਾਊ ਤਕਦੀਰੇ ਉਮਮ ਕਿਆ ਹੈ, ਤੇਗੋ ਤੁਫੰਗ ਅਵਲ ਚੰਗੋਰੇ ਰਿਬਾਬ ਆਖਿਰ" ਪਰ ਧੰਨ ਗੁਰੂ ਨਾਨਕ ਦੇਵ ਜੀ ਨੂੰ ਉਸ ਨੇ ਹਰ ਪਹਿਲੂ ਤੋਂ ਨਹੀਂ ਦੇਖਿਆ ਪਰ ਸੰਗੀਤ ਦੇ ਵਿਰੁਧ ਇਤਨੇ ਕੱਟੜ ਪਨ ਦੇ ਬਾਵਜੂਦ ਭੀ ਮਨੁਖੀ ਫਿਤਰਤ ਨਾਲੋ ਰਾਗ ਨੂੰ ਇਸਲਾਮ ਨਿਖੇੜ ਨਹੀਂ ਸਕਿਆ। ਹਜਰਤ ਮੁਹੰਮਦ ਸਾਹਿਬ ਦੀ ਸਭ ਤੋਂ ਛੋਟੀ ਬੀਵੀ ਰਾਗ ਦੀ ਸ਼ੌਕੀਨ ਸੀ। ਅੱਧੀ ਰਾਤ ਹਜਰਤ ਸਾਹਿਬ ਉਸ ਨੂੰ ਨਾਲ ਲੈ ਕੇ ਜੰਗਲ ਵਿਚ ਬਿਲੋਚਾਂ ਦੇ ਸੰਗੀਤ ਨੂੰ ਸੁਣਨ ਲਈ ਲੈ ਜਾਂਦੇ ਸਨ। ਸਤਿਗੁਰੂ ਨੇ ਸਿਖ ਪੰਥ ਦੀ ਬੁਨਿਯਾਦ ਹੀ ਸੰਗੀਤ ਉਤੇ ਧਰੀ ਤੇ ਤਲਵਾਰ ਛੇਵੇਂ ਜਾਮੇ ਵਿਚ ਜਾਕੇ ਫੜਾਈ ਸੀ। ਇਸ ਵਿਚ ਗਹਰੀ ਰਮਜ਼ ਸੀ ਕੋਮਲ ਹਿਰਦੇ ਵਾਲੇ ਦੇ ਹੱਥ ਫੜੀ ਤਲਵਾਰ ਜ਼ੁਲਮ ਲਈ ਨਹੀਂ ਬਲਕਿ ਉਪਕਾਰ ਲਈ ਵਰਤੀ ਜਾਂਦੀ ਹੈ। ਮੁਸਲਮਾਨ ਬਾਦਸ਼ਾਹਾਂ ਵਿਚੋਂ ਔਰੰਗਜ਼ੇਬ ਨੇ ਤਾਂ ਰਾਗ ਗਾਵਣ ਤੇ ਸੁਣਨ ਤੇ ਪਾਬੰਦੀਆਂ ਲਾ ਛਡੀਆਂ ਸਨ। ਉਸਨੂੰ ਰਾਗ ਨਾਲ ਇਤਨੀ ਨਫਰਤ ਦੇ ਕਾਰਨ ਬਾਰੇ ਇਕ ਘਟਨਾ

ਭੀ ਬਜ਼ੁਰਗਾਂ ਪਾਸੋਂ ਸੁਣਨ ਵਿਚ ਆਈ ਕਿ ਇਕ ਸੰਗੀਤਕਾਰ ਨੇ ਇਕ ਵਾਰੀ ਅਪਣੀ ਸੰਗੀਤ ਕਲਾ ਦੀ ਪ੍ਰਦਸ਼ਨੀ ਲਈ ਔਰਗਜ਼ੇਬ ਪਾਸੋਂ ਆਗਿਆ ਲਈ। ਦਰਬਾਰ ਸਜ ਗਿਆ ਬਾਦਸ਼ਾਹ ਤੇ ਸਾਰੇ ਅਮੀਰ ਵਜ਼ੀਰ ਅਪਣੀ ਅਪਣੀ ਥਾਵਾਂ ਤੇ ਬੈਠ ਗਏ, ਬੇਗਮਾਂ ਭੀ ਝਰੋਖਿਆਂ ਵਿਚ ਪਰਦਿਆਂ ਉਹਲੇ ਬੈਠ ਗਈਆਂ। ਉਹ ਗਵਯੀਆ ਸੰਗੀਤ ਦੇ ਹੁਨਰ ਵਿਚ ਬਹੁਤ ਹੀ ਨਿਪੁੰਨ ਸੀ। ਉਸ ਨੇ ਪਹਿਲੇ ਆਪਣੇ ਸਾਜ਼ਾਂ ਦਵਾਰਾ ਇਸ ਤਰਾਂ ਦੀਆਂ ਧੁੰਨੀਆ ਵਜਾਈਆਂ ਤੇ ਖਾਸ ਕਿਸਮ ਦੇ ਰਾਗ ਤੇ ਰਾਗਾਂ ਵਿਚ ਬੋਲ ਗਾਏ ਜਿਸ ਨਾਲ ਸਾਰੇ ਹੀ ਮਾਹੌਲ ਵਿਚ ਸ਼ਿੰਗਾਰ ਰਸ ਛਾ ਗਿਆ ਸੀ। ਸਰੋਤੇ ਦਰਬਾਰੀਆਂ ਅੰਦਰ ਕਾਮ ਦਾ ਜਜ਼ਬਾ ਭੜਕ ਉਠਿਆ ਸੀ। ਔਰੰਗਜ਼ੇਬ ਭੀ ਇਸ ਪ੍ਰਭਾਵ ਤੋਂ ਨਾ ਬਚ ਸਕਿਆ। ਉਸ ਦਾ ਹੱਥ ਤਾਂ ਉਸਦੀ ਇੰਦਰੀ ਤੇ ਚਲਾ ਗਿਆ ਸੀ। ਇਸ ਤਰਾਂ ਦੇ ਵਾਤਾਵਰਨ ਨੂੰ ਉਸੇ ਸੰਗੀਤ ਕਾਰ ਨੇ ਬਦਲਣਾ ਸ਼ੁਰੂ ਕਰ ਦਿਤਾ। ਬਹੁਤ ਹੀ ਖੂਬੀ ਨਾਲ ਉਸਨੇ ਰਾਗ ਬਦਲੇ ਧੁੰਨੀਆਂ ਬਦਲੀਆਂ ਤੇ ਬੋਲ ਬਦਲੇ, ਤਾਲ ਬਦਲੇ। ਕੁਝ ਵਕਤ ਵਿਚ ਹੀ ਜੋ ਮਾਹੌਲ ਕਾਮ ਦੇ ਜਜ਼ਬੇ ਨਾਲ ਭਰ ਗਿਆ ਸੀ ਉਹੋ ਮਾਹੌਲ ਬੀਰ ਰਸੀ ਬਣ ਗਿਆ ਸੀ। ਮਜ਼ੇਦਾਰ ਬਾਤ ਇਹ ਕਿ ਉਸ ਸੰਗੀਤ ਕਾਰ ਦੀ ਸੰਗੀਤ ਕਲਾ ਵਿਚ ਕੋਈ ਫਿੱਕਾ ਪਨ ਨਹੀਂ ਸੀ ਆਇਆ। ਸਰੋਤਿਆਂ ਨੂੰ ਭੀ ਕੁਝ ਪਤਾ ਨਹੀਂ ਲਗਿਆ ਕਿ ਕਿਸ ਤਰਾਂ ਉਨ੍ਹਾਂ ਅੰਦਰ ਕਾਮ ਅਗਨੀ ਬੁਝ ਕੇ ਬੀਰ ਰਸੀ ਚਿਣਗਾਂ ਸਰੀਰ ਵਿਚ ਫੁੱਟਣ ਲਗ ਪਈਆਂ ਸਨ। ਔਰੰਗਜ਼ੇਬ ਦਾ ਉਹੋ ਹੱਥ ਜੋ ਇੰਦਰੀ ਵੱਲ ਚਲਾ ਗਿਆ ਸੀ ਮੂੰਹ ਦਾੜੀ ਮੁੱਛਾਂ ਤੇ ਫਿਰਨ ਲਗ ਪਿਆ ਸੀ। ਇਸ ਤਰ੍ਹਾਂ ਉਸ ਸੰਗੀਤ ਕਾਰ ਨੇ ਆਪਣੀ ਕਲਾ ਨਾਲ ਸਾਰਾ ਮਾਹੌਲ ਬਦਲ ਦਿਤਾ ਸੀ। ਬਾਦਸ਼ਾਹ ਨੇ ਉਸ ਨੂੰ ਤਾਂ ਇਨਾਮ ਆਦਕ ਦੇ ਕੇ ਵਿਦਾ ਕੀਤਾ ਪਰ ਇਸ ਸਾਰੇ ਡਰਾਮੇ ਦੀ ਸੋਚ ਕੀਤੀ ਤੇ ਇਸ ਨਿਰਣੈ ਤੇ ਪੁਜਾ ਕਿ ਰਾਗ ਇਕ ਜਾਦੂ ਹੈ ਜੋ ਕਿ ਬੰਦੇ ਦੇ ਮਨ ਵਿਚ ਹੈਰਾਨ ਕਰ ਦੇਣ ਵਾਲੀ ਤਬਦੀਲੀ ਲਿਆ ਦੇਂਦਾ ਹੈ ਤੇ ਐਸਾ ਜਾਦੂ ਬਾਦਸ਼ਾਹਤ ਲਈ ਤੇ ਇਸਲਾਮ ਦੇ ਵਾਧੇ ਲਈ ਖਤਰਾ ਭੀ ਬਣ ਸਕਦਾ ਹੈ ਉਹ ਰਾਗ ਦਾ ਕੱਟੜ ਦੁਸ਼ਮਣ ਬਣ ਗਿਆ ਸੀ। ਕੁਝ ਵਿਦਵਾਨ ਰਾਗੀ ਜਿਨਾਂ ਨੂੰ ਰਿਆਜ ਬਹੁਤ ਕਰਨ ਕਰਕੇ ਆਪਣੀ ਸੁਰ ਤੇ ਕਬਜਾ ਸੀ। ਉਨਾਂ ਪਾਸੋਂ ਇਕ ਰਾਗ ਗੌਦਿਆ ਵਿਚੋਂ ਹੀ ਦੂਜੇ ਰਾਗ ਦਾ ਠੱਠ ਬੰਨਦੇ ਸੁਣਿਆ ਹੈ ਤੇ ਆਫਰੀਨ ਏਹ ਕਿ ਕੀਰਤਨ ਵਿਚ ਫਿੱਕਾ ਪਨ ਨਹੀਂ ਸੀ ਹੋਣ ਦੇਂਦੇ। ਇਕ ਵਾਰ ਗਵਯੀਏ ਲੋਕਾਂ ਨੇ ਬਾਦਸ਼ਾਹ ਨੂੰ ਸ਼ਰਮਿੰਦਾ ਕਰਨ ਦੀ ਇਕ ਤਰਕੀਬ ਸੋਚੀ। ਇਕ ਤਖਤੇ ਉਪਰ

ਮੁਰਦੇ ਦੀ ਤਰਾਂ ਰਾਗ ਦੇ ਕਲਬੂਤ ਨੂੰ ਪਾਕੇ ਕਫਨ ਨਾਲ ਢੱਕ ਕੇ ਤੇ ਤਖਤੇ ਨੂੰ ਆਪਣੇ ਮੋਢਿਆਂ ਤੇ ਚੁਕ ਕੇ ਮੁਰਦੇ ਨੂੰ ਦਫਨੌਣ ਸਮੇਂ ਜੋ ਆਇਤਾਂ ਤੇ ਭਜਨ ਪੜੇ ਜਾਂਦੇ ਹਨ ਉੱਚੀ ਉੱਚੀ ਪੜਦੇ ਹੋਏ ਸ਼ਾਹੀ ਮਹਲਾਂ ਦੇ ਲਾਗੋ ਦੀ ਗੁਜ਼ਰੇ। ਬਾਦਸ਼ਾਹ ਨੇ ਵੇਖ ਕੇ ਪੁਛਿਆ ਕਿ ਯੇਹ ਲਾਸ਼ ਕਿਸ ਕੀ ਹੈ ਕੌਣ ਵਫਾਤ ਪਾ ਗਿਆ ਹੈ। ਤਾਂ ਸੰਗੀਤ ਕਾਰਾਂ ਨੇ ਉਤਰ ਦਿਤਾ ਕਿ ਬਾਦਸ਼ਾਹ ਸਲਾਮਤ ਰਾਗ ਮਰ ਗਿਆ ਹੈ ਤੇ ਰਾਗ ਨੂੰ ਦਫਨੌਣ ਲਈ ਜਾ ਰਹੇ ਹਾਂ। ਇਹ ਸੁਣਕੇ ਔਰੰਗਜ਼ੇਬ ਨੇ ਸ਼ਰਮਿੰਦਾ ਹੋਣ ਦੀ ਬਜਾਏ ਖੁਸ਼ੀ ਨਾਲ ਕਿਹਾ ਕਿ ਇਸ ਕੰਬਖਤ ਨੂੰ ਇਤਨਾਂ ਡੂੰਘਾਂ ਦੱਬਣਾ ਕਿ ਇਹ ਕਿਤੇ ਫੇਰ ਬਾਹਰ ਨਾ ਨਿਕਲ ਆਏ। ਭਾਵੇਂ ਐਸਾ ਕੁਝ ਇਸਲਾਮ ਵਿਚ ਹੁੰਦਾ ਰਿਹਾ ਪਰ ਇਸ ਰੱਬ ਵਰਗੀ ਤੇ ਰੱਬ ਨੂੰ ਪਿਆਰੀ ਸੰਗੀਤ ਕਲਾ ਨੂੰ ਕੋਈ ਖਤਮ ਨਹੀਂ ਕਰ ਸਕਿਆ। ਮੁਸਲਮਾਨਾਂ ਵਿਚ ਹੀ ਬੜੇ ਬੜੇ ਮਹਾਨ ਸੰਗੀਤਕਾਰ ਹੋਏ ਜਿਹਨਾਂ ਨੇ ਇਸ ਕਲਾ ਨੂੰ ਚਾਰ ਚੰਦ ਲਾਏ। ਸੰਗੀਤ ਲਿਖੇ ਤੇ ਕਈ ਨਵੇਂ ਨਵੇਂ ਰਾਗ ਪ੍ਰਚਲਤ ਕੀਤੇ।

ਫੇਰ ਹੌਲੇ ਹੌਲੇ ਸਮੇਂ ਦੇ ਪ੍ਰਭਾਵ ਨਾਲ ਜਿਵੇਂ ਦੈਵੀ ਗੁਣਾਂ ਦਾ ਮਨੁਖੀ ਮਨਾਂ ਵਿਚੋਂ ਅਭਾਵ ਹੋਣ ਲੱਗ ਪਿਆ ਸੀ ਉਥੇ ਸੰਗੀਤ ਵਰਗੀ ਪਵਿੱਤਰ ਕਲਾ ਦੀ ਪਵਿੱਤਰਤਾ ਭੀ ਨਸ਼ਟ ਹੋਣ ਲੱਗ ਪਈ ਸੀ। ਕਾਰਨ ਇਹ ਕਿ ਇਸ਼ਕ ਹਕੀਕੀ ਦੇ ਰਸਤੇ ਉਪਰ ਤੁਰਦੇ ਪ੍ਰਮਾਰਥ ਦੇ ਪਾਂਧੀਆਂ ਨੇ ਜਿਵੇਂ ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਨੂੰ ਅਤੇ ਪ੍ਰਮਾਤਮਾਂ ਦੇ ਮਿਲਾਪ ਲਈ ਤਰਲਿਆਂ ਵਾਲੀ ਕਵਿਤਾ ਤੇ ਵਿਚਾਰਾਂ ਨੂੰ ਰਾਗਾਂ ਵਿਚ ਗਾਕੇ ਆਤਮਾਂ ਤੇ ਪ੍ਰਮਾਤਮਾ ਦੇ ਮਿਲਾਪ ਦਾ ਸਫਲ ਤਰੀਕਾ ਅਪਣਾਇਆ ਸੀ। ਉਸੇ ਤਰਾਂ ਹੱਡ ਚੰਮ ਦੇ ਆਸ਼ਕ ਤੇ ਐਸ਼ ਪ੍ਰਸਤੀ ਦੇ ਸ਼ੁਕੀਨ ਮਿਜਾਜ਼ ਬੰਦੇ ਭੀ ਕਾਮ ਵਾਸ਼ਨਾ ਭੜਕੋਣ ਵਾਲੇ ਗੀਤਾਂ ਨੂੰ ਰਾਗਾਂ ਵਿਚ ਗਾ ਸੁਣ ਕੇ ਅਥਵਾ ਹੋਰ ਮਨੋਰੰਜਨ ਜਾਂ ਇਸ਼ਕ ਮਿਜਾਜ਼ੀ ਨੂੰ ਬਿਆਨ ਕਰਨ ਲਈ ਅਤੇ ਹੋਰ ਭੀ ਮੰਦੀਆਂ ਵਾਸ਼ਨਾਵਾਂ ਦੀ ਤ੍ਰਿਪਤੀ ਲਈ ਭੀ ਇਸੇ ਕਲਾ ਨੂੰ ਵਰਤਣ ਲਗ ਪਏ ਸਨ। ਏਥੇ ਇਸ ਸੰਗੀਤ ਕਲਾ ਬਾਰੇ ਮੇਰੀ ਰਚੀ ਇਕ ਕਵਿਤਾ ਹਾਜ਼ਰ ਹੈ।

**ਕਵਿਤਾ**

ਓਸ ਰਾਗ ਦਾ ਵੱਖਰਾ ਜਾਦੂ ਜੋ ਕੋਠਿਆਂ ਉਤੇ ਗਾਇਆ ਜਾਂਦਾ।
ਹੁਸਨ ਦੇ ਪੈਰੀਂ ਬੰਨ੍ਹ ਕੇ ਘੁੰਗਰੂ ਛਣਕ ਛਣਕ ਛਣਕਾਇਆ ਜਾਂਦਾ।
ਰੂਪ ਦੇ ਨਾਲ ਮਿਲਾ ਕੇ ਨਖਰਾ ਐਸਾ ਤੀਰ ਚਲਾਇਆ ਜਾਂਦਾ,
ਸੁਣਨ ਵਾਲੇ ਸ੍ਰੋਤੇ ਦੇ ਦਿਲ ਨੂੰ ਕਾਮ ਦਾ ਲਾਂਬੂ ਲਾਇਆ ਜਾਂਦਾ।

ਉਹ ਭੀ ਰਾਗ ਜੀਹਦੇ ਵਿਚ ਪਾ ਕੇ ਧੁਰ ਦੀ ਬਾਣੀ ਗਾਈ ਜਾਂਦੀ,
ਸੁਰਤ ਸ਼ਬਦ ਦਾ ਮੇਲ ਕਰਾ ਕੇ ਅੰਦਰ ਠੰਡ ਵਰਤਾਈ ਜਾਂਦੀ।
ਸਾਧ ਸੰਗਤ ਬੈਕੁੰਠ ਦੇ ਅੰਦਰ ਬੈਹ ਕੇ ਬਿਰਤ ਟਿਕਾਈ ਜਾਂਦੀ,
ਜੀਵ ਆਤਮਾ ਨਿਰਮਲ ਕਰਕੇ ਸੱਚ ਖੰਡ ਵਿਚ ਪੁਚਾਈ ਜਾਂਦੀ।
ਵਾਜੇ ਤਬਲੇ ਅਤੇ ਸਾਰੰਗੀ ਤਾਨ ਪੂਰੇ ਦੀਆਂ ਤਾਰਾਂ ਇਕੋ।
ਛੈਣੇ ਤੇ ਖੜਤਾਲਾਂ ਇਕੋ ਬੀਨਾ ਅਤੇ ਸਿਤਾਰਾਂ ਇਕੋ।
ਏਮਨ ਮਾਰੂ ਅਤੇ ਬਿਲਾਵਲ ਭੈਰੋਂ ਅਤੇ ਮਲਾਰਾਂ ਇਕੋ।
ਸੱਤ ਸੁਰਾਂ ਤੀਬਰ ਤੇ ਕੋਮਲ ਥੀਉਰੀ ਅਤੇ ਵੀਚਾਰਾਂ ਇਕੋ।
ਪਰ ਅਸਰ ਰਾਗ ਦਾ ਵੱਖਰਾ ਵੱਖਰਾ ਦਿਸੇ ਪਿਆ ਲੁਕਾਈ ਅੰਦਰ।
ਤੜਫੌਣਾ ਤੇ ਠੰਡ ਵਰਤੌਣਾ ਇਹ ਸ਼ਕਤੀ ਇਸ ਦਵਾਈ ਅੰਦਰ।
ਰਾਗ ਦਾ ਜਾਦੂ ਕਈਆਂ ਤਾਂਈ ਦੋਜ਼ਖ ਵਿਚ ਪੁਚਾ ਦੇਂਦਾ ਏ।
'ਕੰਵਲ' ਕਈਆਂ ਨੂੰ ਕੀਲ ਕੇ ਏਹੋ ਰੱਬ ਦੇ ਨਾਲ ਮਿਲਾ ਦੇਂਦਾ ਏ।

ਪਹਿਲੇ ਯੁਗਾਂ ਵਿਚ ਰਾਗ ਗੌਣ ਵਾਲੇ ਕਿੱਨਰ, ਗੰਧਰਬ ਤੇ ਨਾਰਦ ਆਦਿ ਦਾ ਜ਼ਿਕਰ ਆਉਂਦਾ ਹੈ ਅਤੇ ਉਨ੍ਹਾਂ ਕਲਾਕਾਰਾਂ ਨੂੰ ਭੀ ਦੇਵਤਿਆਂ ਦਾ ਦਰਜਾ ਦਿੱਤਾ ਜਾਂਦਾ ਸੀ। ਪ੍ਰਾਚੀਨ ਧਾਰਮਿਕ ਗ੍ਰੰਥ, ਵੇਦ ਸ਼ਾਸਤ੍ਰ ਸਿਮਰਤੀਆਂ ਪੁਰਾਣ ਅਤੇ ਉਨ੍ਹਾਂ ਤੋਂ ਬਾਅਦ ਦੇ ਧਾਰਮਿਕ ਗ੍ਰੰਥ ਰਮਾਇਣ, ਗੀਤਾ, ਅੰਜ਼ੀਲ ਤੌਰੇਤ, ਕੁਰਾਨ ਜੰਬੂਰ ਤੇ ਬਾਈਬਲ ਅਦਿਕ ਕੋਈ ਭੀ ਗ੍ਰੰਥ ਰਾਗਾਂ ਵਿਚ ਉਚਾਰਨ ਨਹੀਂ ਕੀਤਾ ਹੋਇਆ ਅਤੇ ਨਾ ਹੀ ਇਨ੍ਹਾਂ ਧਾਰਮਿਕ ਗ੍ਰੰਥਾਂ ਦੇ ਛੰਦਾਂ ਨੂੰ ਬੱਝਵੀਆਂ ਬੰਦਸ਼ਾਂ ਵਿਚ ਗਾਉਣ ਦਾ ਰਿਵਾਜ ਸੀ। ਕਿਸੇ ਕਿਸੇ ਗ੍ਰੰਥ ਵਿਚ ਰਾਗਾਂ ਦਾ ਕੇਵਲ ਜ਼ਿਕਰ ਹੀ ਆਉਂਦਾ ਹੈ। ਪ੍ਰਾਚੀਨ ਜੁਗਾਂ ਦੇ ਸੰਗੀਤਕਾਰ ਕੁਝ ਅਪਣੀ ਤੁਕ-ਬੰਦੀ ਕਰਕੇ ਤੇ ਕੋਈ ਤੁਕ ਜਾਂ ਬੋਲ ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚੋਂ ਲੈ ਕੇ ਗਾਇਆ ਕਰਦੇ ਸਨ। ਉਹ ਜ਼ਿਆਦਾ ਸੰਗੀਤ ਨੂੰ ਹੀ ਮੁੱਖ ਰਖਿਆ ਕਰਦੇ ਸਨ। ਥੋਹੜੇ ਜਿਹੇ ਬੋਲਾਂ ਨੂੰ ਬਹੁਤ ਸਮਾਂ ਗਾਇਆ ਕਰਦੇ ਸਨ। ਇਸ ਤਰ੍ਹਾਂ ਉਹ ਸੰਗੀਤ ਕਲਾਂ ਵਿਚ ਤਾਂ ਬਹੁਤ ਕਾਬਲੀਅਤ ਦਾ ਪ੍ਰਗਟਾਵਾ ਕਰਦੇ ਸਨ ਪਰ ਸ਼ਬਦ ਬੋਲ ਕਰੀਬਨ ਨਿਰਾਰਥ ਹੀ ਬਣ ਜਾਂਦੇ ਸੀ। ਕੁਝ ਲੋਕ ਕਰਤੇ ਪੁਰਖ ਦੀ ਜਾ ਦੇਵੀ ਦੇਵਤਿਆਂ ਦੀ ਸਿਫਤ ਅੰਦਰ ਕੁਝ ਬੋਲੀ ਨੂੰ ਗਾਕੇ ਮਨ ਨੂੰ ਤਸੱਲੀ ਦੇ ਲਿਆ ਕਰਦੇ ਸਨ।

ਜਦੋਂ ਦੇਵੀ ਦੇਵਤਿਆਂ ਦੀਆਂ ਮੂਰਤਾਂ ਪੱਥਰ ਤੇ ਧਾਤਾਂ ਦੀਆਂ ਬਣਨ ਲੱਗ ਪਈਆਂ ਤਦ ਉਹ ਕਲਾਕਾਰ ਇਨ੍ਹਾਂ ਮੂਰਤੀਆਂ ਦੇ ਸਾਹਮਣੇ ਉਸਤਤੀ

ਦੇ ਗੀਤ ਗਾਕੇ ਤੇ ਨ੍ਰਿਤਕਾਰੀ ਕਰਕੇ ਦੇਵੀ ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਸਨ। ਇਸ ਕਿਸਮ ਦੇ ਸੰਗੀਤ ਨੂੰ ਭਾਵੇਂ ਭਗਤੀ ਦਾ ਦਰਜਾ ਦੇਂਦੇ ਸੀ ਪਰ ਉਹ ਪ੍ਰਭੂ ਭਗਤੀ ਨਹੀਂ ਆਖੀ ਜਾ ਸਕਦੀ ਕੇਵਲ ਦੇਵੀ ਦੇਵਤਿਆਂ ਦੀ ਭਗਤੀ ਹੀ ਆਖੀ ਜਾ ਸਕਦੀ ਹੈ। ਉਨ੍ਹਾਂ ਦੇ ਗਾਏ ਸ਼ਬਦਾਂ ਵਿਚੋਂ ਨਾ ਅਕਾਲ ਪੁਰਖ ਦੀ ਸਿਫਤ ਸਾਲਾਹ ਦਾ ਅਨੰਦ ਹੁੰਦਾ ਸੀ ਤੇ ਨਾ ਹੀ ਹਰ ਪਹਿਲੂ ਤੋਂ ਆਤਮਿਕ ਉਨਤੀ ਲਈ ਉਚੇ ਸੁਚੇ ਉਪਦੇਸ਼ ਇਨਸਾਨ ਨੂੰ ਪ੍ਰਾਪਤ ਹੁੰਦੇ ਸੀ। ਜਿਵੇਂ ਬਹੁਤੀ ਦੁਨੀਆਂ ਇਸ਼ਕ ਮਿਜਾਜ਼ੀ ਅਤੇ ਹਾਸੇ ਮਖੌਲ ਵਾਲੇ ਟੱਪੇ ਛੰਦ ਅਦਿਕ ਰਾਗ ਵਿਚ ਗਾ ਸੁਣ ਕੇ ਮਨੋਰੰਜਨ ਕਰ ਲਿਆ ਕਰਦੇ ਸਨ ਇਸੇ ਤਰ੍ਹਾਂ ਉਨ੍ਹਾਂ ਸੰਗੀਤਕਾਰਾਂ ਅਤੇ ਭਗਤਾਂ ਦਾ ਗਾਇਨ ਭੀ ਮਨੋਰੰਜਨ ਹੀ ਜਾਨਣਾ ਚਾਹੀਏ।

ਦੇਵੀ ਦੇਵਤਿਆਂ ਪੀਰਾਂ ਫਕੀਰਾਂ ਦੀ ਉਸਤਤੀ ਦੀ ਬਜਾਏ ਕੇਵਲ ਇਕ ਅਕਾਲ ਪੁਰਖ ਦੀ ਹੀ ਵਡਿਆਈ ਦੇ ਬੋਲ ਉਸ ਨੂੰ ਹਾਜ਼ਰ-ਨਾਜ਼ਰ ਮਹਿਸੂਸ ਕਰਦੇ ਹੋਏ ਰਾਗ ਵਿਚ ਗਾਏ ਜਾਣ ਤਾਂ ਉਸ ਨੂੰ ਕੀਰਤਨ ਆਖਿਆ ਜਾਂਦਾ ਹੈ। ਇਸ ਤਰਾਂ ਗਾਏ ਬੋਲਾਂ ਵਿਚੋਂ ਆਤਮਾਂ ਨੂੰ ਪ੍ਰਮਾਤਮਾ ਤੱਕ ਪੁਚਾ ਦੇਣ ਵਾਲੇ ਅਥਵਾ ਜੀਵਨ ਨੂੰ ਹਰ ਪਹਿਲੂ ਤੋਂ ਸੰਪੂਰਨ ਬਣਾ ਦੇਣ ਵਾਲੇ ਉਪਦੇਸ਼ ਗੌਣ ਤੇ ਸੁਨਣ ਵਾਲਿਆਂ ਨੂੰ ਪ੍ਰਾਪਤ ਹੁੰਦੇ ਹਨ ਐਸੇ ਕੀਰਤਨ ਦੀ ਮਰਯਾਦਾ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਚਲਤ ਕੀਤੀ ਅਤੇ ਦਸਾਂ ਪਾਤਸ਼ਾਹੀਆਂ ਨੇ ਇਸੇ ਮਰਯਾਦਾ ਅਨੁਸਾਰ ਹੀ ਜਗਤ ਜੀਵਾਂ ਨੂੰ ਪ੍ਰਭੂ ਦੇ ਲੜ ਲਾਇਆ ਸੀ।

## ਦਸਾਂ ਸਤਿਗੁਰੂ ਸਾਹਿਬਾਨ ਦਾ ਉਪਕਾਰ

ਜਗਤ ਤਾਰਕ ਸਤਿਗੁਰੂ ਨਾਨਕ ਦੇਵ ਜੀ ਦਾ ਵਡਾ ਉਪਕਾਰ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਸਿਮਰਨ ਤੇ ਭਗਤੀ ਦਾ ਸੁਖੈਨ ਢੰਗ ਕੀਰਤਨ ਪ੍ਰਚਲਤ ਕੀਤਾ ਸੀ। ਪ੍ਰਭੂ ਦੀ ਪ੍ਰਾਪਤੀ ਲਈ ਲੋਕ ਕਠਿਨ ਸਾਧਨ ਵਰਤਿਆ ਕਰਦੇ ਸੀ। ਉਨ੍ਹਾਂ ਸਾਧਨਾਂ ਦਾ ਜ਼ਿਕਰ ਪੰਜਵੀਂ ਪਾਤਸ਼ਾਹੀ ਨੇ ਏਸ ਸ਼ਬਦ ਵਿਚ ਕੀਤਾ ਹੈ।

**'ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ**
**ਭੁਅੰਗਮ ਸਾਧੇ' ਪੰਚ ਜਨਾ ਸਿਉ ਸੰਗੁ ਨ ਛੁਟਕਿਓ**
**ਅਧਿਕ ਅਹੰਬੁਧਿ ਬਾਧੇ।।੧।। ਪਿਆਰੇ ਇਨ ਬਿਧਿ ਮਿਲਣੁ**
**ਨ ਜਾਈ ਮੈ ਕੀਏ ਕਰਮ ਅਨੇਕਾ। ਹਾਰਿ ਪਰਿਓ ਸੁਆਮੀ**

ਕੈ ਦੁਆਰੈ ਦੀਜੈ ਬੁਧਿ ਬਿਬੇਕਾ।ਰਹਾਉ॥
ਮੋਨਿ ਭਇਓ ਕਰ ਪਾਤੀ
ਰਹਿਓ ਨਗਨ ਫਿਰਿਓ ਬਨ ਮਾਹੀ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥੨॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥ ਕਨਿਕ ਕਾਮਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥ ਅੰਨ ਬਸਤ੍ਰ ਭੂਮਿ ਬਹੁ ਅਰਪੈ ਨਹ ਮਿਲੀਐ ਹਰਿ ਦੁਆਰਾ॥੪॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ। ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥੪॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੫॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥੬॥ ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ
ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੭॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨ ਰਾਤਾ॥ ਰਹਾਉ ਦੂਜਾ॥੧॥੩॥
ਸੋਰਠ ਮਹਲਾ ੫ ਘਰੁ ੨ ਅਸਟਪਦੀਆ (ਪੰਨਾ ਨੰ. ੬੪੧-੪੨)

ਉਨ੍ਹਾਂ ਸਾਧਨਾਂ ਦਵਾਰਾ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਸਨ ਅਤੇ ਰਿੱਧੀ ਸਿੱਧੀ ਦੀ ਪ੍ਰਾਪਤੀ ਤੋਂ ਉਪ੍ਰੰਤ ਲੋਕਾਂ ਵਲੋਂ ਪੂਜਾ ਆਦਿਕ ਹੋਣ ਲੱਗ ਪੈਂਦੀ ਸੀ। ਕੇਵਲ ਇਸੇ ਪ੍ਰਾਪਤੀ ਨੂੰ ਹੀ ਉਹ ਅਪਣਾ ਜੀਵਨ ਨਿਸ਼ਾਨਾ ਸਮਝ ਕੇ ਇਸੇ ਵਿਚ ਉਲਝਕੇ ਰਹਿ ਜਾਂਦੇ ਸਨ ਅਤੇ ਅਸਲ ਨਿਸ਼ਾਨਾ ਪ੍ਰਭੂ ਪ੍ਰਾਪਤੀ ਦਾ ਜੋ ਸੀ ਉਸ ਤੋਂ ਥਿੜਕ ਜਾਂਦੇ ਸਨ। ਸਤਿਗੁਰੂ ਜੀ ਨੇ ਐਸੀ ਪ੍ਰਾਪਤੀ ਦਾ ਖੰਡਨ ਕੀਤਾ ਹੈ ਅਤੇ ਰਿੱਧ ਸਿੱਧ ਨੂੰ ਅਵਰਾ ਸਾਦ ਹੀ ਦਸਿਆ ਹੈ ਜੋਗੀਆ ਨਾਲ ਵਾਰਤਾਲਾਪ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ "**ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥ ਅਤੀਤੰ**" (ਆਸਾ ਮਹਲਾ ੧

ਪੰਨਾ ੩੯੦) ਬਚਨ ਉਚਾਰਨ ਕਰਕੇ ਕੀਰਤਨ ਨੂੰ ਸਿਮਰਨ ਅਤੇ ਪ੍ਰਭੂ ਭਗਤੀ ਦਸਿਆ ਸੀ ਤੇ ਗੁਰਮੁਖਾਂ ਗੁਰਸਿਖਾਂ ਨੂੰ ਏਹੋ ਮਾਰਗ ਦਰਸਾਇਆ ਸੀ। ਪੰਜਵੇਂ ਜਾਮੇ ਵਿਚ ਫਿਰ ਇਸੇ ਦੀ ਪ੍ਰੋੜਤਾ ਕਰਦੇ ਹੋਏ ਹਜ਼ੂਰ ਨੇ ਫੁਰਮਾਇਆ **''ਰਾਜ ਲੀਲਾ ਤੇਰੈ ਨਾਮ ਬਨਾਈ। ਜੋਗੁ ਬਨਿਆ ਤੇਰਾ ਕੀਰਤਨ ਗਾਈ।''** (ਆਸਾ ਮਹਲਾ ੪ ਪੰਨਾ ੩੯੫)। ਮਨੁੱਖੀ ਮਨ ਉਤੇ ਸੰਗੀਤ ਦਾ ਪ੍ਰਭਾਵ ਬਹੁਤ ਜਲਦੀ ਪੈਂਦਾ ਹੈ ਚਾਹੇ ਸੰਗੀਤ ਵਿਚ ਇਸ਼ਕ ਹਕੀਕੀ ਦੇ ਜਾਂ ਇਸ਼ਕ ਮਿਜਾਜ਼ੀ ਦੇ ਬੋਲ ਹੋਣ। ਭਾਈ ਨੰਦ ਲਾਲ ਸਾਹਿਬ ਜੀ ਦੇ ਕਥਨ ਅਨੁਸਾਰ **'ਮੁਰਸ਼ਿਦੇ ਕਾਮਿਲ ਇਲਾਜੇ ਦਿਲ ਕੁਨਦ'** ਵੈਦ ਗੁਰੂ ਨਾਨਕ ਦੇਵ ਜੀ ਨੇ ਬਿਮਾਰ ਦਿਲਾਂ ਦੀ ਨਬਜ਼ ਦੀ ਜਾਂਚ ਕੀਤੀ। ਰੋਗ ਦੀ ਤਸ਼ਖੀਸ ਕੀਤੀ ਤੇ ਦਵਾਈ ਭੀ ਦਸੀ। **ਰੋਗ ਦਾਰੂ ਦੋਵੈਂ ਬੁਝੈ ਤਾਂ ਵੈਦੁ ਸੁਜਾਣੁ** (ਮਾਝ ਕੀ ਵਾਰ ਮਹਲਾ ੧ ਪੰਨਾ ੧੪੮) ਦੇ ਮਹਾਂਵਾਕ ਅਨੁਸਾਰ ਰਾਗ ਵਿਚ ਗੰਦੇ ਗੀਤ ਇਸ਼ਕ ਮਿਜ਼ਾਜ਼ੀ ਦੇ ਗੀਤ ਤੇ ਹੋਰ ਨਿਰਾਰਥ ਸ਼ਬਦਾਂ ਨੂੰ ਗੌਣ ਦੀ ਬਜਾਏ ਗੁਰੂ ਨਾਨਕ ਦੇਵ ਜੀ ਨੇ ਰਾਗ ਵਿਚ ਰੱਬੀ ਸਿਫਤ ਸਲਾਹ ਵਾਲੇ ਸ਼ਬਦਾਂ ਨੂੰ ਗਾਉਣ ਦਾ ਤਰੀਕਾ ਅਪਣਾਇਆ ਤੇ ਪਰਚਾਰਿਆ ਸੀ। ਆਪਣੇ ਆਪ ਨੂੰ ਵਾਹਿਗੁਰੂ ਦਾ ਢਾਢੀ ਦਸਿਆ ਤੇ ਜਿਵੇਂ ਢਾਡੀ ਲੋਕ ਰਾਜੇ ਮਹਾਰਾਜਿਆਂ ਦੇ ਜੱਸ ਗਾ ਕੇ ਮੂੰਹ ਮੰਗਿਆ ਇਨਾਮ ਪ੍ਰਾਪਤ ਕਰਿਆ ਕਰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਪਾਸੋਂ ਕੇਵਲ ਉਸ ਦੇ ਬਖਸ਼ੇ ਹੋਏ ਨਾਮ ਰਸੀਆਂ ਦੀ ਸੰਗਤ ਹੀ ਇਨਾਮ ਵਜੋਂ ਮੰਗੀ ਸੀ - **''ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ। ਤਿਨ ਮੰਗਾ ਜਿ ਤੁਝੈ ਧਿਆਂਇਦੇ।''** (ਆਸਾ ਦੀ ਵਾਰ ਪਉੜੀ ਮ: ੧)

ਇਤਿਹਾਸ ਗਵਾਹ ਹੈ ਕਿ ਪ੍ਰਭੂ ਦੀ ਸਿਫਤ ਸਲਾਹ ਵਾਲੇ ਸਿਖਿਆ ਦਾਇਕ ਸ਼ਬਦਾਂ ਨੂੰ ਰਾਗ ਵਿਚ ਸਤਿਗੁਰੂ ਜੀ ਦੀ ਰਸਨਾ ਤੋਂ ਸ੍ਰਵਨ ਕਰਕੇ ਬੜੇ ਬੜੇ ਚੋਰ ਡਾਕੂ ਧਾੜਵੀ, ਰਾਕਸ਼ਸ਼ ਬਿਰਤੀਆਂ ਵਾਲੇ ਇਨਸਾਨ ਅਤੇ ਜ਼ਾਲਮ ਹੁਕਮਰਾਨ ਸਹੀ ਅਰਥਾਂ ਵਿਚ ਇਨਸਾਨ ਬਣ ਗਏ ਸਨ। ਉਨ੍ਹਾਂ ਨੇ ਖਲਕੇ ਖੁਦਾ ਨੂੰ ਦੁੱਖ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੁੱਖ ਦੇਣ ਵਾਲੇ ਕਰਮਾਂ ਨੂੰ ਅਪਣਾ ਕੇ ਰੱਬ ਨਾਲ ਜੁੜ ਕੇ ਆਪਣਾ ਜਨਮ ਭੀ ਸੰਵਾਰ ਲਿਆ ਅਤੇ ਲੁਕਾਈ ਵਾਸਤੇ ਉਹ ਬੜੇ ਪਰਉਪਕਾਰੀ ਸਾਬਤ ਹੋਏ ਸਨ। ਜੋਗੀਆਂ ਸਿੱਧਾਂ, ਪੀਰਾਂ ਫਕੀਰਾਂ ਨੂੰ ਪ੍ਰਾਪਤ ਹੋਈਆਂ ਰਿੱਧੀਆਂ ਸਿੱਧੀਆਂ ਦੇ ਕਾਰਨ ਉਨ੍ਹਾਂ ਦੇ ਵਰਾਂ ਸਰਾਪਾਂ ਦਾ ਭੈ ਲੋਕਾਂ ਦੇ ਮਨਾ ਉਪਰ ਛਾਇਆ ਹੋਇਆ ਸੀ। ਉਨ੍ਹਾਂ ਵਿਚੋਂ ਭੀ ਕੁਛ ਸਤਿਗੁਰੂ ਦੇ ਉਪਦੇਸ਼ ਨੂੰ ਪ੍ਰਵਾਨ ਕਰਕੇ ਸਿੱਧੇ

ਰਸਤੇ ਪੈ ਗਏ ਅਤੇ ਕੀਰਤਨ ਦਾ ਅਨੰਦ ਮਾਨਣ ਵਾਲੇ ਲੋਕ ਭੀ ਉਨ੍ਹਾਂ ਦੇ ਭੈ ਤੋਂ ਛੁਟਕਾਰਾ ਪ੍ਰਾਪਤ ਕਰਕੇ ਨਿਰਭੈ ਬਣ ਗਏ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਦੀ ਮੁਹਿੰਮ ਲਈ ਅਪਣਾ ਸਾਥੀ ਭਾਈ ਮਰਦਾਨੇ ਨੂੰ ਚੁਣਿਆ। ਉਚੀਆਂ ਜ਼ਾਤਾਂ ਵਾਲੇ ਮਹਾਨ ਸੰਗੀਤਕਾਰ ਤਾਂ ਕੇਵਲ ਰਾਜ ਦਰਬਾਰਾਂ ਦੀ ਹੀ ਸ਼ੋਭਾ ਬਣ ਚੁਕੇ ਸਨ ਆਮ ਜਨਤਾ ਉਨ੍ਹਾਂ ਦੀ ਕਲਾ ਤੋਂ ਵਾਂਝੀ ਹੀ ਰਹਿੰਦੀ ਸੀ। ਸ੍ਰੀ ਗੁਰੂ ਜੀ ਨੇ ਫੁਰਮਾਇਆ **'ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ। ਜਿਥੈ ਨੀਚ ਸੰਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ। ਨਾਨਕ ਤਿਨ ਕੈ ਸੰਗਿ ਸਾਥਿ ਵਡਿਆਂ ਸਿਉ ਕਿਆ ਰੀਸ।''** (ਸ੍ਰੀ ਰਾਗ ਮਹਲਾ ੧ ਪੰਨਾ ੧੫) ਇਸ ਤਰ੍ਹਾਂ ਨੀਵਿਆਂ ਨੂੰ ਉਚੇ ਕਰਨ ਵਾਲੇ ਤੇ ਸਾਰੇ ਮਨੁੱਖਾਂ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੇ ਸਤਿਗੁਰੂ ਜੀ ਨੇ ਕੀਰਤਨ ਵਰਗੀ ਉਚੀ ਕਲਾ ਵਿਚ ਸਹਾਇਕ ਭਾਈ ਮਰਦਾਨੇ ਨੂੰ ਬਣਾਇਆ ਸੀ। ਉਸ ਨੂੰ ਰਬਾਬ ਖਰੀਦ ਕੇ ਦਿੱਤਾ ਤੇ ਰਬਾਬ ਵਜਾਉਣ ਦੀ ਦਾਤ ਬਖਸ਼ੀ ਸੀ। ਪੁਰਾਤਨ ਜਨਮ ਸਾਖੀ ਦੇ ਇਹ ਸ਼ਬਦ ''ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।'' ਲੋਕਾਂ ਦੇ ਰੋਮਾਂ ਵਿਚ ਰਚੇ ਹੋਏ ਹੈਨ ਭਾਈ ਮਰਦਾਨੇ ਨੇ ਗੁਰੂ ਜੀ ਦੀ ਆਗਿਆ ਤੇ ਇੱਛਾ ਅਨੁਸਾਰ ਰਬਾਬ ਵਿਚ ਰਾਗ ਦੀਆਂ ਸੁਰਾਂ ਵਜਾਉਣੀਆਂ ਤੇ ਹਜ਼ੂਰ ਨੇ ਸ਼ਬਦ ਗਾਇਨ ਕਰਨਾ। ਭਾਈ ਮਰਦਾਨਾ ਭੀ ਪਿਛੇ ਲੱਗ ਕੇ ਸ਼ਬਦ ਗਾਇਆ ਕਰਦਾ ਸੀ। ਲੋਕਾਂ ਦੀ ਨਜ਼ਰ ਵਿਚ ਜੋ ਪਹਿਲੇ ਕੇਵਲ ਮਿਰਾਸੀ ਹੀ ਸੀ ਸਤਿਗੁਰੂ ਦੀ ਦਾਤ, ਕੀਰਤਨ ਨੂੰ ਪ੍ਰਾਪਤ ਕਰ ਕੇ ਉਹ ਭਾਈ ਮਰਦਾਨਾ ਬਣ ਗਿਆ ਤੇ ਰਬਾਬ ਵਜਾਉਣ ਕਾਰਣ ਉਹ ਤੇ ਉਸ ਦੀ ਸਾਰੀ ਬੰਸ ਰਬਾਬੀ ਸ਼ਬਦ ਨਾਲ ਸਤਿਕਾਰੀ ਜਾਣ ਲਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਬਾਕੀ ਨੌਂ ਗੁਰੂ ਸਾਹਿਬਾਨ ਨੇ ਇਤਨਾਂ ਸਫਰ ਨਹੀਂ ਕੀਤਾ। ਧਰਮਸਾਲ ਦੀ ਮਰਯਾਦਾ ਚਲ ਚੁਕੀ ਸੀ ਤੇ ਬਹੁਤਾ ਕਰਕੇ ਦੂਰ ਦੁਰਾਡੇ ਦੇਸ਼ਾਂ ਵਿਚੋਂ ਸੰਗਤਾਂ ਹੀ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਕਰਦੀਆਂ ਸਨ ਇਸ ਤਰ੍ਹਾਂ ਪ੍ਰੋਗਰਾਮ ਵਿਚ ਤਬਦੀਲੀ ਦੇ ਕਾਰਜ ਅਤੇ ਸੰਗਤਾਂ ਦੀ ਲੋੜ ਅਨੁਸਾਰ ਗੁਰੂ ਦੇ ਦਰਬਾਰ ਵਿਚ ਭਾਈ ਮਰਦਾਨੇ ਦੀ ਅੰਸ਼ ਬੰਸ ਵਾਲੇ ਜਥੇ ਦੇ ਰੂਪ ਵਿਚ ਕੀਰਤਨ ਕਰਨ ਲਗ ਪਏ ਸਨ। ਪਰ ਨੌਵੇਂ ਪਾਤਸ਼ਾਹੀਆਂ ਵੀ ਆਪਣੀ ਮੌਜ ਵਿਚ ਪਹਿਲੇ ਸਤਿਗੁਰੂਆਂ ਦੀ ਬਾਣੀ ਤੇ ਆਪਣੀ ਰਚੀ ਬਾਣੀ ਦਾ ਕੀਰਤਨ ਰਬਾਬ, ਸਿਰੰਦੇ ਤਾਊਸ ਆਦਿਕ ਵਜਾਕੇ ਕਰਦੇ ਰਹੇ। (ਵਿਸਥਾਰ ਇਸੇ ਲੇਖ

ਵਿਚ ਦੂਜੀ ਥਾਂ ਹੈ।) ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਕਤ ਭਾਈ ਸੱਤੇ ਤੇ ਬਲਵੰਡ ਮਾਣ ਵਿਚ ਆ ਗਏ। ਉਸ ਵਕਤ ਸਤਿਗੁਰੂ ਜੀ ਨੇ ਕੀਰਤਨ ਦੀ ਬਖਸ਼ਿਸ਼ ਗੁਰਸਿਖਾਂ ਨੂੰ ਕੀਤੀ। ਜ਼ਿਕਰ ਆਉਂਦਾ ਹੈ ਕਿ ਭਾਈ ਸੱਤੇ ਤੇ ਬਲਵੰਡ ਦੇ ਕੀਰਤਨ ਤੋਂ ਇਨਕਾਰ ਕਰਨ ਸਮੇਂ ਸਤਿਗੁਰੂ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਆਦਿਕ ਮੁਖੀ ਗੁਰਸਿੱਖਾਂ ਨੂੰ ਕੀਰਤਨ ਕਰਨ ਲਈ ਹੁਕਮ ਦਿੱਤਾ।ਉਨ੍ਹਾਂ ਵਲੋਂ ਉਤਰ ਮਿਲਿਆ ਕਿ ਅਸੀਂ ਤਾਂ ਰਬਾਬੀਆਂ ਪਾਸੋਂ ਅੰਤਰ ਧਿਆਨ ਸਮਾਧੀ ਵਿਚ ਇਸਥਿਤ ਹੋ ਕੇ ਕੀਰਤਨ ਸੁਣਦੇ ਹੀ ਰਹੇ ਹਾਂ ਤੇ ਸਾਨੂੰ ਰਬਾਬ ਸਿਰੰਦੇ ਜੋੜੀਆਂ ਆਦਿਕ ਸਾਜ਼ਾਂ ਨੂੰ ਤਰਤੀਬ ਨਾਲ ਟਿਕੌਣਾ ਭੀ ਨਹੀਂ ਆਉਂਦਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਖੁਦ ਸਾਜ ਗੁਰਸਿਖਾਂ ਦੇ ਅਗੇ ਤਰਤੀਬ ਨਾਲ ਟਿਕਾਕੇ ਵਰਦਾਨ ਦਿੱਤਾ ਕਿ ਬਾਣੀ ਦਾ ਕੀਰਤਨ ਕਰੋ ਤੁਹਾਨੂੰ ਕੀਰਤਨ ਦੀ ਦਾਤ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਬਖਸ਼ਣਗੇ। ਉਸ ਵਕਤ ਤੋਂ ਸਤਿਗੁਰੂ ਦੇ ਉਪਕਾਰ ਦਾ ਸਦਕਾ ਰਬਾਬੀਆਂ ਤੋਂ ਇਲਾਵਾ ਹੋਰ ਗੁਰਮੁਖ ਗੁਰਸਿਖ ਭੀ ਕੀਰਤਨ ਕਰਨ ਲਗ ਪਏ ਸਨ। ਇਥੇ ਇਕ ਹੋਰ ਗੱਲ ਭੀ ਧਿਆਨ ਗੋਚਰੀ ਹੈ। ਉਸ ਸਮੇਂ ਉਚ ਕੋਟੀ ਦੇ ਗਵਯੀਏ ਤਾਂ ਸ਼ਾਹੀ ਦਰਬਾਰਾਂ ਵਿਚ ਹੀ ਆਪਣੀ ਕਲਾ ਦਾ ਪ੍ਰਗਟਾਵਾ ਕਰਿਆ ਕਰਦੇ ਸੀ ਤੇ ਆਮ ਪੇਂਡੂ ਗਰੀਬ ਤੇ ਕਿਰਤੀ ਜਨਤਾ ਉਨ੍ਹਾਂ ਦੀ ਏਸ ਕਲਾ ਤੋਂ ਵਾਂਝੇ ਹੀ ਰਹਿੰਦੇ ਸੀ। ਉਨ੍ਹਾਂ ਦੇ ਮਨੋਰੰਜਨ ਲਈ ਪਿੰਡਾਂ ਵਿਚ ਵਸਦੇ ਗਰੀਬ ਭਰਾਈ ਤੇ ਮਿਰਾਸੀ ਅਦਿਕ ਨੇ ਗੀਤ ਟੱਪੇ ਆਦਿਕ ਗਾਉਣੇ ਸ਼ੁਰੂ ਕਰ ਦਿੱਤੇ। ਛਿੰਜਾਂ ਵਿਚ ਢੋਲ ਵਜੌਣੇ, ਵਿਆਹਾਂ ਵਿਚ ਘੋੜੀਆਂ ਤੇ ਸੁਹਾਗ ਗੋਣੇ ਮਿਰਤਕ ਸਮੇਂ ਅਲਾਹੁਣੀਆਂ ਦੇ ਗੀਤ ਗੌਣੇ, ਸ਼ਾਦੀ ਗਮੀ ਸਮੇਂ ਵਕਤ ਅਨੁਸਾਰ ਤੁਕਬੰਦੀ ਨੂੰ ਗਾਉਣਾ ਇਹ ਉਨ੍ਹਾਂ ਦੀ ਕ੍ਰਿਤ ਬਣ ਚੁਕੀ ਸੀ ਤੇ ਇਸ ਨਾਲ ਹੀ ਉਹ ਰੋਟੀ ਕਮਾਉਣ ਲਗ ਪਏ ਸਨ। ਏਸ ਕ੍ਰਿਤ ਵਿਚ ਕਈਆਂ ਪੀੜੀਆਂ ਤੋਂ ਰੁਝੇ ਹੋਣ ਦੇ ਕਾਰਨ ਉਨ੍ਹਾਂ ਦੀ ਕ੍ਰਿਤ ਵਿਚੋਂ ਭੀ ਸੰਗੀਤ ਦੀ ਝਲਕ ਨਿਖਰਨ ਲੱਗ ਪਈ ਸੀ। ਉਹ ਲੋਕ ਦੂਰ ਦੁਰਾਡੇ ਲੋਕਾਂ ਦੇ ਕੰਮਾਂ ਲਈ ਜਾਂਦੇ ਆਉਂਦੇ ਰਹਿੰਦੇ ਸੀ ਤੇ ਇਸ ਕਾਰਨ ਉਨ੍ਹਾਂ ਨੂੰ ਸਿਆਣੇ ਸੰਗੀਤਕਾਰਾਂ ਨੂੰ ਸੁਨਣ ਦਾ ਮੌਕਾ ਮਿਲ ਜਾਇਆ ਕਰਦਾ ਸੀ। ਉਨ੍ਹਾਂ ਲੋਕਾਂ ਨੇ ਆਪਣੇ ਗੀਤਾਂ ਅੰਦਰ ਕਾਫੀ ਸੰਗੀਤਕ ਰੱਸ ਪੈਦਾ ਕਰ ਲਿਆ ਸੀ ਤੇ ਉਨ੍ਹਾਂ ਦੇ ਗੀਤਾਂ ਦੀਆਂ ਬੰਦਸ਼ਾਂ ਭੀ ਸੰਗੀਤ ਕਲਾ ਦੀਆਂ ਸਿਖਰਾਂ ਨੂੰ ਛੋਹਣ ਲੱਗ ਪਈਆਂ ਸੀ ਤੇ ਉਨ੍ਹਾਂ ਦੇ ਗਾਏ ਗੀਤਾਂ ਤੇ ਢੋਲ ਆਦਿਕ ਦੀਆਂ ਗਤਾਂ ਵਿਚੋਂ ਕਾਫੀ ਸੁਆਦ ਸ੍ਰੋਤੇ ਮਾਣਿਆ ਕਰਦੇ ਸੀ।

ਸਤਿਗੁਰੂ ਦੀ ਸਿਖੀ ਅੰਦਰ ਬਹੁ ਗਿਣਤੀ ਪੇਂਡੂ ਕ੍ਰਿਤੀ ਤੇ ਕਿਸਾਨਾਂ ਦੀ ਸੀ ਤੇ ਉਸ ਸਮੇਂ ਆਮ ਲੋਕਾਂ ਦੇ ਮਨਾਂ ਅੰਦਰ ਇਹ ਸੰਸਕਾਰ ਬਹੁਤ ਪੱਕ ਚੁੱਕੇ ਸੀ ਕਿ ਗਾਉਣਾ-ਵਜਾਉਣਾ ਕੇਵਲ ਡੂੰਮਾਂ ਮਿਰਾਸੀਆਂ ਤੇ ਨੀਚ ਜਾਤੀਆਂ ਵਾਲੇ ਬੰਦਿਆਂ ਦਾ ਹੀ ਕੰਮ ਹੈ ਤੇ ਇਸ ਨਾਲ ਰੋਟੀ ਕਮਾਉਣੀ ਤਾਂ ਬਹੁਤ ਹੀ ਨਖਿੱਧ ਹੈ। ਇਸ ਲਈ ਜਿਵੇਂ ਮਨੁੱਖੀ ਮਨਾਂ ਵਿਚੋਂ ਹੋਰ ਕਈ ਕਿਸਮਾਂ ਦੇ ਮਨਮਤ ਦੇ ਪਏ ਸੰਸਕਾਰਾਂ ਨੂੰ ਗੁਰੂ ਸਾਹਿਬਾਨ ਨੇ ਦੂਰ ਕੀਤਾ ਸੀ। ਇਸ ਸੰਸਕਾਰ ਨੂੰ ਭੀ ਦੂਰ ਕਰਨ ਲਈ ਬੇਅੰਤ ਸ਼ਬਦ ਉਚਾਰਨ ਕੀਤੇ ਤੇ ਲੋਕਾਂ ਦਾ ਭਰਮ ਦੂਰ ਕਰਨ ਲਈ ਆਪ ਭੀ ਕੀਰਤਨ ਕੀਤਾ। ਲੋਕਾਈ ਦੇ ਦਿਲਾਂ ਵਿਚੋਂ ਐਸੇ ਪੱਕ ਚੁਕੇ ਸੰਸਕਾਰਾਂ ਨੂੰ ਦੂਰ ਕਰਨ ਲਈ ਬਾਣੀ ਗਾਇਨ ਕੀਤੀ ਉਨ੍ਹਾਂ ਵਿਚੋਂ ਕੁਝ ਕੁ ਤੁਕਾਂ ਇਥੇ ਦਿੱਤੀਆਂ ਜਾਂਦੀਆਂ ਹਨ -

ਕੀਰਤਨ ਕਰਨ ਲਈ ਪ੍ਰੇਰਨਾ ਕਰਦਿਆਂ ਫੁਰਮਾਇਆ ਹੈ,

**ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ॥**
**ਗਉੜੀ ਮਾਝ ਮ: ੫ ਪੰਨਾ ੨੧੮**

**੧. ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥**
**ਬਿਲਾਵਲ ਮ: ੫ ਪੰਨਾ ੮੧੮**

**ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥**
**ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥ ਸਲੋਕ ਮਹਲਾ ੫ ਪੰਨਾ ੫੧੯**
**ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ, ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨ। (ਰਾਗ ਆਸਾਵਰੀ ਮਹਲਾ ੪ ਘਰ ੧੬ ਪੰਨਾ ੩੬੮**

**ਸਾਧ ਸੰਗਤ ਵਿਚ ਕੀਰਤਨ ਗਾਉਣ ਤੇ ਸੁਣਨ ਦੀ ਮਹਾਨਤਾ ਵੀ ਦਰਸਾਈ ਹੈ**

**ਕੀਰਤਨ ਸਾਧ ਸੰਗੇਣ ਨਾਨਕ ਨਹ ਦ੍ਰਿਸਟੰਤਿ ਜਮ ਦੂਤਨਹ॥**
**(ਸਲੋਕ ਸਹਸਕ੍ਰਿਤੀ ਮ: ੫ ਪੰਨਾ ੧੩੫੭))**

**ਹਰਿ ਜਸੁ ਸਾਧ ਸੰਗਿ ਮਿਲਿ ਗਾਇਓ॥**

ਗੁਰ ਪ੍ਰਸਾਦਿ ਭਇਓ ਮਨ ਨਿਰਮਲੁ ਸਰਬ ਸੁਖਾ ਸੁਖ ਪਾਇਅਉ॥ (ਗੂਜਰੀ ਮਹਲਾ ੪ ਪੰਨਾ ੪੯੬)

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਉਧਾਰਨ ਨੀਮਤ ਜਗਤ ਵਿਚ ਭੇਜਿਆ ਸੀ ਉਸ ਵੇਲੇ ਰਾਜ ਜ਼ੁਲਮ, ਧਾਰਮਿਕ ਜ਼ੁਲਮ ਤੇ ਭਾਈ ਚਾਰਕ ਜ਼ੁਲਮਾਂ ਦੀ ਚੱਕੀ ਵਿਚ ਖਲਕਤ ਪੀਸੀ ਦੀ ਜਾ ਰਹੀ ਸੀ। ਜਿਵੇਂ ਦੁਨਿਆਵੀ ਰਾਜੇ ਜਾਂ ਮੁਲਕਾਂ ਦੇ ਆਗੂ ਕਿਸੇ ਦੁਸ਼ਮਣ ਰਾਜੇ ਜਾਂ ਮੁਲਕ ਉਪਰ ਚੜ੍ਹਾਈ ਕਰਦੇ ਹੈਨ ਤਾਂ ਉਹ ਅਪਣੇ ਖੁਫੀਆ ਸਾਧਨਾਂ ਰਾਹੀਂ ਦੁਸ਼ਮਣ ਦੀ ਤਾਕਤ ਦਾ ਅੰਦਾਜ਼ਾ ਲੈਂਦੇ ਹੈਨ। ਫਿਰ ਅਪਣੇ ਵੈਰੀ ਦੇਸ ਤੇ ਰਾਜਿਆਂ ਦੀ ਫੌਜੀ ਸ਼ਕਤੀ ਤੇ ਜੰਗੀ ਸਾਮਾਨ ਦੀ ਤਾਕਤ ਤੋਂ ਕਈ ਗੁਣਾਂ ਵੱਧ ਫੌਜੀ ਤੇ ਜੰਗੀ ਸਾਮਾਨ ਦਾ ਬੰਦੋਬਸਤ ਕਰ ਕੇ ਹਮਲਾ ਕਰਦੇ ਹੈਨ। ਇਸੇ ਤਰਾਂ ਘੋਰ ਕਲਜੁਗ ਵਿਚ ਸਤਿਜੁਗ ਵਰਤਾਵਣ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਨਿਰੰਕਾਰ ਜੀ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਗੁਰੂ ਨਾਨਕ ਦੇਵ ਜੀ ਨੂੰ ਭਰਪੂਰ ਕਰਕੇ ਦੁਨੀਆਂ ਵਿਚ ਭੇਜਿਆ ਸੀ। ਜੋਤ ਅਤੇ ਜੁਗਤ ਨਾਲ ਸੰਗੀਤ ਦੀ ਕਲਾ ਵਿਚ ਨਿਪੁੰਨ ਕਰ ਦਿੱਤਾ ਸੀ। ਵੇਈਂ ਵਿਚ ਟੁੱਬੀ ਮਾਰਨ ਸਮੇਂ ਫਿਰ ਸਨਮੁਖ ਹੋਕੇ ਗੁਰੂ ਨਾਨਕ ਦੇਵ ਜੀ ਨੂੰ ਏਸ ਅਸੀਸ ਤੇ ਇਕਰਾਰ ਨਾਲ ਨਿਵਾਜਿਆ ਸੀ। ਹੇ ਨਾਨਕ ਮੇਰਾ ਨਾਮ ਪਾਰ ਬ੍ਰਹਮ ਪ੍ਰਮੇਸ਼ਵਰ ਤੇਰਾ ਨਾਮ ਗੁਰ ਪ੍ਰਮੇਸਵਰ, ਮੇਰੇ ਕਰਮ ਤੇਰੇ ਕਰਮ ਤੇਰੇ ਕਰਮ ਮੇਰੇ ਕਰਮ ਇਤਿਆਦਕ ਅਕਾਲ ਪੁਰਖ ਦੀ ਏਸ ਬਖਸ਼ਿਸ਼ ਦਾ ਸਦਕਾ ਗੁਰੂ ਨਾਨਕ ਸਾਹਿਬ ਮਹਾਨ ਸੰਗੀਤਕਾਰ ਭੀ ਸਨ। ਇਥੇ ਇਕ ਹੋਰ ਵਡੇ ਭੁਲੇਖੇ ਦੀ ਚੀਰ ਫਾੜ ਕਰਨੀ ਅਤੀ ਜਰੂਰੀ ਹੈ। ਸਿਖ ਪੰਥ ਵਿਚ ਤੇ ਹੋਰ ਅਨਮਤੀਆਂ ਲਿਖਾਰੀਆਂ ਤੇ ਬੁਲਾਰਿਆ ਦੀ ਕਲਮ ਤੇ ਜਬਾਨ ਤੋਂ ਏਹ ਵਾਕ ਪੜਦਾ ਸੁਣਦਾ ਰਿਹਾ ਹਾਂ ਕਿ ਗੁਰੂ ਨਾਨਕ ਦੇਵ ਜੀ ਨੂੰ ਰਾਗ ਨਹੀਂ ਸੀ ਔਂਦਾ ਸੰਗੀਤਕਾਰ ਭਾਈ ਮਰਦਾਨਾ ਸੀ ਗੁਰੂ ਸਾਹਿਬ ਤਾਂ ਬਾਣੀ ਉਚਾਰਨ ਕਰਦੇ ਸਨ ਤੇ ਗੁਰਬਾਣੀ ਦੇ ਸ਼ਬਦਾਂ ਨੂੰ ਮਨੋਹਰ ਬੰਦਸ਼ਾ ਵਿਚ ਪਰੋ ਕੇ ਗੌਣ ਵਾਲਾ ਮਰਦਾਨਾ ਸੀ ਤੇ ਸਤਿਗੁਰੂ ਜੀ ਉਸਦੇ ਸਹਾਇਕ ਸਨ। ਏਹ ਇਕ ਵਡਾ ਅਨਰਥ ਹੈ ਇਕ ਵਾਰੀ ਪੰਥ ਦੇ ਹੋ ਚੁਕੇ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਜ਼ਬਾਨੇ ਲੈਕਚਰ ਵਿਚ ਭੀ ਮੈਂ ਸੁਣਿਆ ਸੀ ਕਿ ਮਰਦਾਨਾ ਇੱਡਾ ਵੱਡਾ ਸੰਗੀਤਕਾਰ ਸੀ ਕਿ ਮੀਆਂ ਤਾਨ ਸੈਨ ਦੇ ਗੁਰੂ ਸ੍ਵਾਮੀ ਹਰੀਦਾਸ ਨੇ ਰਾਗ ਵਿਦਿਆ ਭਾਈ ਮਿਰਦਾਨੇ ਪਾਸੋਂ ਪ੍ਰਾਪਤ ਕੀਤੀ ਸੀ। ਏਸ ਵੀਚਾਰ ਨਾਲ ਭਾਈ ਮਰਦਾਨੇ ਦੀ ਜਾਤ ਬ੍ਰਾਦਰੀ ਚੋਂ ਬਣ ਚੁਕੇ ਸਿੱਖ

ਕੀਰਤਨੀਏ ਤੇ ਹੋਰ ਰਬਾਬੀ ਤਾਂ ਫੁੱਲੇ ਨਹੀਂ ਸਮਾਂਦੇ ਪਰ ਖੁੱਲ ਕੇ ਜ਼ਬਾਨ ਤੋਂ ਏਹ ਦਾਅਵਾ ਕਰਨ ਤੋਂ ਝਿਜਕਦੇ ਰਹਿੰਦੇ ਹੈਨ। ਕਿਉਂਕਿ ਭਾਈ ਸੱਤੇ ਤੇ ਬਲਵੰਡ ਜੀ ਨਾਲ ਹੋ ਚੁਕੇ ਹਸ਼ਰ ਦੀ ਸਾਖੀ ਤੋਂ ਉਹ ਵਾਕਫ ਹੈਨ ਤੇ ਇਸੇ ਲਈ ਛਾਤੀ ਤੇ ਹੱਥ ਮਾਰ ਕੇ ਇਹ ਦਾਅਵਾ ਕਰਨ ਤੋਂ ਡਰਦੇ ਹੈਨ। ਭਾਈ ਸੱਤੇ ਤੇ ਬਲਵੰਡ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਏਹ ਉਤਰ ਦਿਤਾ ਸੀ ਕਿ ਤੁਹਾਡੇ ਵੱਡੇ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਬਨਾਣ ਵਾਲਾ ਤੇ ਪ੍ਰਚਾਰਨ ਵਾਲਾ ਸਾਡਾ ਵੱਡਾ ਭਾਈ ਮਰਦਾਨਾ ਹੀ ਸੀ। ਜਿੰਦਗੀ ਵਿਚ ਮੇਰੇ ਉਪਰ ਕਈ ਅਖੌਤੀ ਬੁਧੀ ਜੀਵਿਆਂ ਨੇ ਪ੍ਰਸ਼ਨ ਕੀਤਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਰਾਗ ਕਿਸ ਪਾਸੋਂ ਸਿਖਿਆ ਸੀ। ਮੇਰਾ ਤਾਂ ਇਹੋ ਉਤਰ ਰਿਹਾ ਸੀ ਕਿ ਜਿਸ ਪਾਸੋਂ ਸਰਪ ਪਾਸੋਂ ਛਾਇਆ ਕਰਵਾਣ ਦਾ ਤਰੀਕਾ ਅਤੇ ਉਜੜੀ ਖੇਤੀ ਹਰੀ ਕਰਵਾਨ ਵਾਲਾ ਤਰੀਕਾ ਸਿਖਿਆ ਸੀ ਉਸੇ ਪਾਸੋਂ ਰਾਗ ਸਿਖਿਆ ਸੀ। ਸਗੋਂ ਅਸਲੀਅਤ ਏਹ ਹੈ ਕਿ ਜਦੋਂ ਗੁਰੂ ਸਾਹਿਬ ਨੇ ਜਗਤ ਉਧਾਰਨ ਤੇ ਤਾਰਨ ਨਮਿਤ ਉਦਾਸੀ ਧਾਰਨ ਕਰਨ ਦਾ ਪ੍ਰੋਗਰਾਮ ਬਣਾ ਲਿਆ ਸੀ ਤਾਂ ਮਿਰਦਾਨੇ ਨੂੰ ਰਬਾਬ ਖ੍ਰੀਦਣ ਵਾਸਤੇ ਕੁਝ ਰੁਪੈ ਬੇਬੇ ਨਾਨਕੀ ਪਾਸੋਂ ਦਿਵਾਕੇ ਭੇਜਿਆ ਸੀ। ਨਾਨਕ ਪ੍ਰਕਾਸ ਵਿਚ ਜ਼ਿਕਰ ਹੈ "ਜਾਹੁ ਨਗਰ ਤੇ ਰਬਾਬ ਲਿਆਵਹੁ, ਹੇਰਹੁ ਸੁੰਦਰ ਆਨ ਬਜਾਵਹੁ"। ਮਿਰਦਾਨੇ ਦਾ ਉਤਰ ਸੀ "ਹੇ ਪ੍ਰਭ ਜੀ ਮੈਂ ਕਬਹੁ ਨਾ ਗਾਇਆ, ਨਹਿ ਕਿਛ ਬਾਦਤ ਹਾਥ ਬਜਾਇਆ, ਕੁਛ ਸਮੇਂ ਬਾਹੁਰ ਸਿਖ ਲੇਊਂ, ਗਾਵਨ ਤਥਾ ਬਜਾਵਨ ਤੇਊ"। ਗੁਰੂ ਸਾਹਿਬ ਨੇ ਅਸੀਸ ਦਿਤੀ ਸੀ ਕਿ ਮਰਦਾਨਿਆ ਤੈਨੂੰ ਤਾਰ ਦਾ ਗੁਣ ਦਿਤਾ ਹੈ। ਹੋਰ ਠੋਸ ਦਲੀਲ ਇਹ ਹੈ ਕਿ ਗੁਰੂ ਅਮਰਦਾਸ ਜੀ ਪਾਸ ਸ਼ਹਿਨਸ਼ਾਹ ਅਕਬਰ ਆਇਆ ਅਕਬਰ ਨੇ ਮੀਆਂ ਤਾਨਸੈਨ ਪਾਸੋਂ ਉਸ ਦੇ ਵਿਦਿਆ ਗੁਰੂ ਸ੍ਵਾਮੀ ਹਰੀਦਾਸ ਬਾਰੇ ਪੁਛਿਆ ਤੇ ਉਸਦੇ ਗਲੇ ਚੋਂ ਸੰਗੀਤ ਸੁਣਨ ਦੀ ਇਛਾ ਪ੍ਰਗਟ ਕੀਤੀ ਸੀ ਅਕਬਰ ਵਰਗੇ ਵਾਲ ਦੀ ਖੱਲ ਲਾਹੁਣ ਵਾਲੇ ਨੇ ਸਤਿਗੁਰੂ ਅਮਰਦਾਸ ਜੀ ਪਾਸੋਂ ਜਰੂਰ ਪਤਾ ਕਰਨਾ ਸੀ ਕਿ ਮੇਰੇ ਦਰਬਾਰੀ ਗਵਯੀਏ ਮੀਆਂ ਤਾਨਸੈਨ ਦਾ ਦਾਦਾ ਗੁਰੂ ਭਾਈ ਮਰਦਾਨਾ ਸੀ ਉਸ ਦੀ ਅੰਸ ਬੰਸ ਬਾਰੇ ਪਤਾ ਕਰਕੇ ਉਨ੍ਹਾਂ ਦੀ ਮਾਇਕ ਪੱਖ ਤੋਂ ਬਹੁਤ ਸੇਵਾ ਕਰਣੀ ਸੀ ਹੋਰ ਜੇ ਭਾਈ ਮਰਦਾਨਾ ਬਹੁਤ ਵਡਾ ਵਿਦਵਾਨ ਸੀ ਤਾਂ ਉਸ ਵੇਲੇ ਉਸਦੇ ਘਰ ਤਾਂ ਕੋਈ ਢੋਲਕੀ ਭੀ ਨਹੀਂ ਸੀ। ਉਸ ਦੇ ਘਰ ਉਸ ਵਕਤ ਦੇ ਪ੍ਰਚਲਤ ਤੰਤੀ ਸਾਜ ਹੋਣੇ ਚਾਹੀਦੇ ਸਨ। ਏਸ ਲਈ ਉਪ੍ਰੋਕਤ ਸ਼ੰਕੇ ਕਰਨ ਵਾਲੇ ਜਾਂ ਤਾਂ ਵਡੇ ਅਨਜਾਣ ਹੈਨ ਤੇ ਜਾਂ ਸਾਰੇ ਬੰਦੇ ਜਗਤ ਦੇ ਤਾਰਨ ਵਾਲੇ ਉਪਕਾਰ

ਦੇ ਕਾਰਜ ਵਿਚ ਮਰਦਾਨੇ ਨੂੰ ਬਰਾਬਰ ਦਾ ਭਾਈਵਾਲ ਬਨਾਣ ਦੇ ਇੱਛਾਵਾਨ ਹੈਨ। ਹੋਰ ਕਾਰਨ ਇਹ ਕਿ ਉਸ ਸਮੇਂ ਗੌਣ ਵਜੌਣ ਵਾਲਿਆਂ ਨੂੰ ਨੀਂਵੀ ਜਾਤੀ ਦੇ ਮਨੁਖ ਸਮਝਿਆ ਜਾਂਦਾ ਸੀ ਵਡੇ ਗਵਯੀਏ ਤਾਂ ਬਾਦਸ਼ਾਹੀ ਮਹਿਫਲਾਂ ਦੇ ਸ਼ਿੰਗਾਰ ਸਨ। ਜਨਤਾ ਮਿਰਾਸੀਆਂ ਭਿਰਾਈਆਂ ਪਾਸੋਂ ਰਾਗਾਂ ਵਿਚ ਕੁਛ ਮਨੋਰੰਜਨ ਵਾਲੇ ਟੱਪੇ ਬੋਲ ਆਦਕ ਹੀ ਸੁਣ ਕੇ ਪ੍ਰਸੰਨ ਹੁੰਦੇ ਸਨ। ਵੈਸੇ ਉਨਾਂ ਨੂੰ ਨੀਵੀਂ ਪੱਧਰ ਦੇ ਮਨੁੱਖ ਜਾਣਿਆ ਜਾਂਦਾ ਸੀ। ਕੁਛ ਬੁੱਧੀਜੀਵਿਆਂ ਨੇ ਸ਼ੈਦ ਗੁਰੂ ਨਾਨਕ ਦੇਵ ਜੀ ਨੂੰ ਉਸ ਨੀਵੀਂ ਪੱਧਰ ਦੇ ਮਨੁੱਖਾਂ ਦੀ ਕਤਾਰ ਤੋਂ ਬਾਹਰ ਰਖਣ ਦੀ ਹੀ ਸੋਚੀ ਹੋਵੇ।

ਏਸ ਘਟੀਆਪਨ ਦੇ ਇਹਸਾਸ ਨੂੰ ਦੂਰ ਕਰਨ ਲਈ ਅਤੇ ਕੀਰਤਨੀਆ ਦੀ ਹੌਸਲਾ ਅਫਜ਼ਾਈ ਲਈ ਸਤਿਗੁਰੂ ਸਾਹਿਬਾਨ ਨੇ ਬਖਸ਼ਿਸ਼ ਕੀਤੀ ਹੈ -

**ਹਰ ਜਸੁ ਗਾਵਹੁ ਭਗਵਾਨ, ਜਸੁ ਗਾਵਤ ਪਾਪ ਲਹਾਨ।**
**(ਕਾਨੜਾ ਮਹਲਾ ੪ ਪੰਨਾ ੧੨੯੮)**
**ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ॥**
**(ਟੋਡੀ ਮਹਲਾ ੫ ਪੰਨਾ ੮੧੬)**
**ਵੈਰ ਵਿਰੋਧ ਮਿਟੇ ਤਿਹ ਮਨ ਤੇ।**
**ਹਰਿ ਕੀਰਤਨ ਗੁਰਮੁਖਿ ਜੋ ਸੁਣਤੇ**
**(ਮ : ੫ ਪੰਨਾ ੨੫੯)**
**ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤਰ**
**(ਗਉੜੀ ਮਾਝ ਮਹਲਾ ੫ ਪੰਨਾ ੨੧੮)**

ਇਸ ਤਰ੍ਹਾਂ ਕਰਕੇ ਦਸ ਸਤਿਗੁਰੂ ਸਾਹਿਬਾਨ ਨੇ ਕੀਰਤਨੀਆਂ ਦਾ ਤਨ, ਮਨ, ਧਨ ਦਵਾਰਾ ਸਤਿਕਾਰ ਕਰਕੇ ਪੁਰਾਣੇ ਪੱਕੇ ਹੋਏ ਮਨਮੱਤ ਵਾਲੇ ਸੰਸਕਾਰਾਂ ਨੂੰ ਦੂਰ ਕੀਤਾ ਤੇ ਜਿਨ੍ਹਾਂ ਦੇ ਸੰਸਕਾਰ ਦੂਰ ਹੋ ਗਏ ਉਹ ਗੁਰਸਿਖ ਭੀ ਕੀਰਤਨ ਦੀ ਸੇਵਾ ਵਿਚ ਜੁੱਟ ਪਏ ਸਨ।

## ਦਸੇ ਪਾਤਸ਼ਾਹੀਆਂ ਸੰਗੀਤ ਵਿਦਿਆ ਵਿਚ ਮਹਾਨ ਪ੍ਰਬੀਨ ਕੀਰਤਨੀਏ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁਦ ੨੧ ਰਾਗਾਂ ਵਿਚ ਬਾਣੀ ਉਚਾਰੀ ਤੇ ਖੁਦ ਆਪ ਕੀਰਤਨ ਕੀਤਾ। ਪ੍ਰਾਚੀਨ ਕਾਲ ਵਿਚ ਸ੍ਰੀ ਰਾਗ ਕਾਫੀ ਠਾਠ ਵਿਚ ਗਾਇਆ ਜਾਂਦਾ ਸੀ। ਪੂਰੀਏ ਠਾਠ ਵਿਚ ਵੀ ਸ੍ਰੀਰਾਗ ਦੇ ਗਾਉਣ ਦੀ

ਮਰਯਾਦਾ ਕੁਝ ਸਦੀਆਂ ਤੋਂ ਚੱਲੀ ਜਾਂਪਦੀ ਹੈ। ਸ੍ਰੀ ਗੁਰੂ ਨਾਨਕ ਦਵ ਜੀ ਕਾਫੀ ਠਾਠ ਤੇ ਪੂਰੀਆਂ ਠਾਠ ਦੋਹਾਂ ਠਾਠਾਂ ਦੇ ਸ੍ਰੀ ਰਾਗ ਗੌਣ ਵਿਚ ਪ੍ਰਬੀਨ ਸਨ। ਕਾਫੀ ਠਾਠ ਦੇ ਸ੍ਰੀ ਰਾਗ ਦੀ ਇਕ ਰੀਤ ਅਸੀਂ ਆਪਣੇ ਪਿਤਾ ਜੀ ਪਾਸੋਂ ਸਿੱਖੀ ਸੀ। ਇਸ ਰੀਤ ਦੀ ਬੰਦਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਹੀ ਹੈ। ਜਿਵੇਂ ਹੋਰ ਮਹਾਨ ਗਵਈਏ ਨਵੇਂ ਰਾਗ ਰੱਚ ਲਿਆ ਕਰਦੇ ਸੀ ਉਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਆਸਾ, ਮਾਝ, ਸੂਹੀ ਤੇ ਤੁਖਾਰੀ ਆਦਿਕ ਨਵੇਂ ਰਾਗ ਰਚੇ ਸਨ। ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭੀ ਨੌਂ ਰਾਗਾਂ ਵਿਚ ਬਾਣੀ ਉਚਾਰੀ ਤੇ ਗਾਇਨ ਕੀਤੀ। ਤੀਜੀ ਪਾਤਸ਼ਾਹੀ ਨੇ ਪਹਿਲੀ ਰਚੀ ਬਾਣੀ ਗਾਈ ਤੇ ਸੁਣੀ ਤੇ ਖੁਦ ੧੮ ਰਾਗਾਂ ਵਿਚ ਬਾਣੀ ਰਚੀ ਅਤੇ ਰਬਾਬ ਵਜਾ ਕੇ ਕੀਰਤਨ ਭੀ ਕੀਤਾ। ਚੌਥੀ ਪਾਤਸ਼ਾਹੀ ਨੇ ੨੯ ਰਾਗਾਂ ਵਿਚ ਤੇ ਪੰਜਵੀਂ ਪਾਤਸ਼ਾਹੀ ਨੇ ੩੦ ਰਾਗਾਂ ਵਿਚ ਬਾਣੀ ਰਚੀ ਤੇ ਕੀਰਤਨ ਕੀਤਾ। ਚੌਥੀ ਤੇ ਪੰਜਵੀਂ ਪਾਤਸ਼ਾਹੀ ਦੇ ਵਕਤ ਰਬਾਬ ਦੇ ਨਾਲ ਇਕ ਹੋਰ ਸਾਜ਼, ਸਿਰੰਦਾ, ਪ੍ਰਚਲਤ ਹੋ ਗਿਆ ਸੀ। ਪ੍ਰਸਿੱਧ ਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਬਾਣੀ ਦੀਆਂ ਪੋਥੀਆਂ ਬਾਬਾ ਮੋਹਣ ਜੀ ਤੋਂ ਲੈਣ ਲਈ ਸ੍ਰੀ ਗੋਇੰਦਵਾਲ ਸਾਹਿਬ ਗਏ ਤੇ ਸਿਰੰਦਾ ਵਜਾ ਕੇ ਆਪ ਕੀਰਤਨ ਕੀਤਾ। ਛੇਵੀਂ ਪਾਤਸ਼ਾਹੀ ਨੇ ਮੋਰ ਦੀ ਸ਼ਕਲ ਵਾਲੇ ਸਾਜ਼ ਤਾਊਸ ਦੀ ਈਜਾਦ ਕੀਤੀ ਅਤੇ ਵਾਰਾਂ 'ਤੇ ਨੌਂ ਧੁਨੀਆਂ ਚੜਾਈਆਂ। ਇਸੇ ਤਰ੍ਹਾਂ ਸੱਤਵੀਂ, ਅੱਠਵੀਂ ਪਾਤਸ਼ਾਹੀ ਦੇ ਦਰਬਾਰ ਵਿਚ ਜਿਥੇ ਰਬਾਬੀ ਤੇ ਗੁਰਸਿਖ ਕੀਰਤਨੀਏ ਕੀਰਤਨ ਦੀ ਸੇਵਾ ਜਥਿਆਂ ਦੇ ਰੂਪ ਵਿਚ ਕਰਦੇ ਸਨ, ਉਥੇ ਸਤਿਗੁਰੂ ਜੀ ਭੀ ਆਪਣੀ ਮੌਜ ਵਿਚ ਬਾਣੀ ਨੂੰ ਗਾਇਆ ਕਰਦੇ ਸਨ। ਨੌਵੀਂ ਪਾਤਸ਼ਾਹੀ ਨੇ ਪੰਦਰਾਂ ਰਾਗਾਂ ਵਿਚ ਬਾਣੀ ਰਚੀ ਤੇ ਖੁਦ ਭੀ ਕੀਰਤਨ ਕੀਤਾ। ਦਸਵੀਂ ਪਾਤਸ਼ਾਹੀ ਜੀ ਦੇ ਵਜਾਉਣ ਵਾਲੇ ਸਿਰੰਦੇ ਦੀ ਮੌਜੂਦਗੀ ਮੰਡੀ ਸਕੇਤ ਦੇ ਰਾਜ ਘਰਾਣੇ ਵਿਚ ਬਹੁਤ ਬਰਸ ਪਹਿਲਾਂ ਸੁਣੀ ਸੀ। ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ। ਦਸਵੀਂ ਪਾਤਸ਼ਾਹੀ ਜੀ ਦੀ ਬਾਣੀ ਦੇ ਛੰਦਾਂ ਵਿਚ ਰਾਗਾਂ ਦੇ ਬਾਰੇ ਤੇ ਤਾਲਾਂ ਦੇ ਬਾਰੇ ਆਏ ਜ਼ਿਕਰ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਗੀਤ ਵਿਦਿਆ ਵਿਚ ਕਮਾਲ ਦੇ ਮਾਹਿਰ ਸਨ। ਸਰਸਾ ਨਦੀ ਦੇ ਕੰਢੇ ਭਿਆਨਕ ਜੁੱਧ ਸਮੇਂ ਭਾਈ ਦਯਾ ਸਿੰਘ ਜੀ ਵਰਗੇ ਗੁਰਸਿੱਖਾਂ ਤੋਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕਰਨਾ ਦਸਦਾ ਹੈ ਕਿ ਗੁਰੂ ਘਰ ਵਿਚ ਕੀਰਤਨ ਕਰਨ ਤੇ ਸਰਵਣ ਕਰਨ ਦੀ ਬਹੁਤ ਹੀ ਵਡਿਆਈ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮਤਿ ਸੰਗੀਤ ਦਾ ਇਕ ਅਲੌਕਿਕ ਭੰਡਾਰ ਭੀ ਹੈਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕੱਤੀ ਰਾਗਾਂ ਵਿਚ ਹੈ। ਗਉੜੀ ਰਾਗ ਵਿਚੋਂ ਨੌ ਕਿਸਮ ਦੀਆਂ ਗਉੜੀਆਂ ਦਾ ਜ਼ਿਕਰ ਹੈ - (੧) ਸੁਧ ਗਉੜੀ, (੨) ਗਉੜੀ ਗੁਆਰੇਰੀ (੩) ਗਉੜੀ ਚੇਤੀ, (੪) ਗਉੜੀ ਬੈਰਾਗਣ (੫) ਗਉੜੀ ਪੂਰਬੀ ਦੀਪਕੀ (੬) ਗਉੜੀ ਮਾਝ (੭) ਗਉੜੀ ਮਾਲਵਾ (੮) ਗਉੜੀ ਪੂਰਬੀ (੯) ਗਉੜੀ ਮਾਲਾ। ਆਸਾ ਰਾਗ ਵਿਚ ਰਾਗ ਆਸਾਵਰੀ ਦਾ ਜ਼ਿਕਰ ਹੈ। ਗਉੜੀ ਰਾਗ ਵਿਚ ਇਕ ਸ਼ਬਦ ਗਉੜੀ ਭੀ ਸੋਰਠ ਭੀ ਦੇ ਸਿਰਲੇਖ ਵਾਲਾ ਭੀ ਹੈ। ਸੂਹੀ ਵਿਚ ਸੂਹੀ ਲਲਿਤ, ਬਸੰਤ ਵਿਚ ਬਸੰਤ ਹਿੰਡੋਲ ਤੇ ਪ੍ਰਭਾਤੀ ਵਿਚ ਪ੍ਰਭਾਤੀ ਬਿਭਾਸ ਦਾ ਜ਼ਿਕਰ ਹੈ। ਇਸ ਤਰ੍ਹਾਂ ਇਹ ਚੁਤਾਲੀ ਰਾਗ ਬਣ ਜਾਂਦੇ ਹੈਨ। ਰਾਮਕਲੀ ਮਹਲਾ ੩ ਅਨੰਦ ਬਾਣੀ ਵਿਚਲੇ ਅਨੰਦ ਸ਼ਬਦ ਬਾਰੇ ਵੀ ਕਈ ਰਾਗੀਆਂ ਦਾ ਵੀਚਾਰ ਹੈ ਕਿ ਅਨੰਦ ਇਕ ਰਾਗ ਦਾ ਨਾਮ ਭੀ ਹੈ ਤੇ ਏਸ ਬਾਣੀ ਨੂੰ ਰਾਮਕਲੀ ਤੇ ਅਨੰਦ ਦੋ ਰਾਗਾਂ ਨੂੰ ਮਿਲਾ ਕੇ ਏਸ ਬਾਣੀ ਨੂੰ ਗਾਵਣਾ ਚਾਹੀਏ। ਇਸੇ ਤਰਾਂ ਕਾਫੀ ਭੀ ਰਾਗ ਹੈ ਏਸ ਲਈ ਆਸਾ, ਸੂਹੀ ਤੇ ਤਿਲੰਗ ਰਾਗਾਂ ਵਿਚ ਕਾਫੀ ਵਾਲੇ ਸਿਰਲੇਖ ਵਾਲੇ ਸ਼ਬਦਾਂ ਨੂੰ ਇਨਾਂ ਰਾਗਾਂ ਦੇ ਨਾਲ ਕਾਫੀ ਰਾਗ ਦਾ ਮੇਲ ਕਰਕੇ ਗੌਣਾ ਚਾਹੀਏ ਪਰ ਬਹੁਤੀਆਂ ਰਾਵਾਂ ਅਨੁਸਾਰ ਅਨੰਦ ਗੁਰੂ ਅਮਰ ਦਾਸ ਜੀ ਦੇ ਪੋਤਰੇ ਦਾ ਨਾਮ ਸੀ ਤੇ ਉਸ ਦੇ ਪਰਥਾਏ ਏਹ ਬਾਣੀ ਉਚਾਰੀ ਹੋਈ ਹੈ। ਕਾਫੀ ਪਿੰਗਲ ਅਨੁਸਾਰ ਛੰਦ ਨੂੰ ਜ਼ਾਹਿਰ ਕਰਦਾ ਹੈ। ਜੇਕਰ ਅਨੰਦ ਤੇ ਕਾਫੀ ਨੂੰ ਰਾਗ ਮੰਨ ਲਈਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਠਤਾਲੀ ਰਾਗ ਬਣ ਜਾਂਦੇ ਹੈਨ।

ਜਿਵੇਂ ਹੋਰ ਮਹਾਨ ਸੰਗੀਤਕਾਰਾਂ ਨੇ ਸੰਗੀਤ ਪੁਸਤਕਾਂ ਵਿਚ ਜੋ ਨਿਯਮ ਬੱਧ ਬੰਦਸ਼ਾ ਲਿਖੀਆਂ ਹੈਨ ਉਨਾਂ ਹਰ ਇਕ ਬੰਦਸ਼ ਤੋਂ ਪਹਿਲਾ ਰਾਗ ਦੇ ਨਾਲ ਤਾਲ ਭੀ ਦਰਜ ਕੀਤਾ ਹੈ ਇਸੇ ਤਰਾਂ ਗੁਰਮਤਿ ਸੰਗੀਤ ਵਿਚ ਸੰਗੀਤਕ ਨਿਯਮ ਦੇ ਮੁਤਾਬਿਕ ਰਾਗ ਦੇ ਨਾਲ ਤਾਲ ਦਾ ਲਿਖਣਾ ਅਤਿਯੰਤ ਜਰੂਰੀ ਸੀ ਗੁਰੂ ਸਾਹਿਬਾਨ ਵਰਗੇ ਮਹਾਨ ਸੰਗੀਤਕਾਰ ਏਸ ਕਾਇਦੇ ਨੂੰ ਕਦੇ ਬੀ ਨਜ਼ਰ ਅੰਦਾਜ ਨਹੀਂ ਸੀ ਕਰ ਸਕਦੇ। ਰਾਗ ਦੇ ਨਾਲ ਤਾਲ ਲਿਖਣ ਤੋਂ ਬਿਨਾਂ ਹਰ ਬੰਦਸ਼ ਅਧੂਰੀ ਹੁੰਦੀ ਹੈ ਸਿਰਫ ਏਸ ਨਿਯਮ ਤੋਂ ਅਨਜਾਣ ਬੰਦੇ ਘਰ ਦੇ ਅਰਥ ਹੋਰ ਹੋਰ ਕਰਨ ਲਗ ਪਏ ਹੈਨ ਜੋ ਕਿ ਭਾਰੀ ਭੁੱਲ ਹੈ ਉਨਾਂ ਉਪਰ ਏਹ ਤੁਕ ਢਾਖੀਂ ਹੱਥ ਨਾ ਅਪੜੈ ਕਹਿੰਦਾ ਥੂ ਕੌੜੀ (ਭਾਈ ਗੁਰਦਾਸ ਜੀ)

ਏਹ ਤੁਕ ਢੁਕਦੀ ਹੈ। ਰਾਗਾਂ ਦੇ ਸੰਗੀਤਾਂ ਵਿਚ ਕਈ ਮੱਤ ਮੰਨੇ ਜਾਂਦੇ ਹਨ। ਪਾਰਜਾਤਿਕ ਮਤ, ਪਾਸਟਿਕ ਮਤ, ਮਤੰਗ ਮਤ, ਹਨੂਮੰਤ ਮਤ ਤੇ ਭਰਤ ਮਤ ਆਦਿਕ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਕਤ ਦੋ ਮਤ ਪਾਸਟਿਕ ਤੇ ਹਨੂਮੰਤ ਮਤ ਜ਼ਿਆਦਾ ਪ੍ਰਚਲਤ ਸਨ। ਪਾਸਟਿਕ ਮਤ ਨੇ ਸ੍ਰੀ ਰਾਗ ਨੂੰ ਮੁੱਖ ਰਾਗ ਮੰਨਿਆ ਹੈ ਸਤਿਗੁਰੂ ਜੀ ਨੇ ਬਾਣੀ ਦਾ ਆਰੰਭ ਇਸੇ ਮਤ ਅਨੁਸਾਰ ਸ੍ਰੀ ਰਾਗ ਤੋਂ ਕੀਤਾ ਸੀ। ਹਨੂਮੰਤ ਮਤ ਅਨੁਸਾਰ ਭੈਰਉ ਰਾਗ ਮੁੱਖ ਹੈ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਰਾਗ ਮਾਲਾ ਲਿਖਵਾਈ ਜਿਸਦੇ ਅਰੰਭ ਵਿਚ ਪ੍ਰਥਮ ਰਾਗ ਭੈਰਉ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਰਾਗ ਮਾਲਾ ਲਿਖਾਉਣ ਦਾ ਅਤੇ ਭੋਗ ਸਮੇਂ ਰਾਗ ਮਾਲਾ ਪੜ੍ਹਨ ਦੀ ਪ੍ਰਪਾਟੀ ਪੌਣ ਦਾ ਸਤਿਗੁਰੂ ਸਾਹਿਬਾਨ ਦਾ ਪ੍ਰਯੋਜਨ ਇਹੋ ਹੀ ਸੀ ਕਿ ਪੜ੍ਹਨ ਤੇ ਸੁਨਣ ਵਾਲਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਸ੍ਰੋਤ, ਖੋਜ ਤੇ ਮੇਹਨਤ ਕਰਨ ਦੀ ਲਗਨ ਰਹੇ ਕਿਉਂਕਿ ਦਸੇ ਸਤਿਗੁਰੂ ਸਿਖਾਂ ਨੂੰ ਸ਼ਾਸਤਰ ਵਿਦਿਆ ਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਬਨਾਉਣਾ ਚਾਹੰਦੇ ਸਨ।

ਸ਼ਬਦਾਂ ਦੇ ਸਿਰਲੇਖ ਉਪਰ 'ਘਰ' ਪਦ ਦੀ ਵਰਤੋਂ ਹੈ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਤਾਰਾਂ ਘਰਾਂ ਨੂੰ ਤਾਲਾਂ ਦੀ ਮਰਯਾਦਾ ਅਨੁਸਾਰ ਨਿਭੌਣਾ ਅਜ ਕਲ ਕਠਿਨ ਹੋ ਚੁੱਕਾ ਹੈ। ਤਾਲ ਬੇਅੰਤ ਕਿਸਮ ਦੇ ਹਨ। ਪੁਰਾਤਨ ਗ੍ਰੰਥਾਂ ਵਿਚੋਂ ਤਾਲਾਂ ਬਾਰੇ ਖੋਜ ਪੜਤਾਲ ਕਰਕੇ 'ਘਰ' ਦਾ ਅਰਥ ਠੀਕ 'ਤਾਲ' ਹੀ ਨਿਰਣਯ ਹੋ ਸਕਦਾ ਹੈ। ਪਰ ਇਸ ਲਈ ਕਠਿਨ ਮੇਹਨਤ ਦੀ ਜਰੂਰਤ ਹੈ ਅਜ ਕਲ ਦੇ ਵਾਤਾਵਰਨ ਮੁਤਾਬਿਕ ਏਹ ਮੇਹਨਤ ਰਾਗੀਆਂ ਲਈ ਅਸੰਭਵ ਹੀ ਹੋ ਚੁਕੀ ਹੈ। ਪੁਰਾਤਨ ਸਮੇਂ ਮਿਰਤਕ ਵੇਲੇ ਅਲਾਹਣੀਆਂ ਦੇ ਗੀਤ ਗਾਏ ਜਾਂਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਵਡਹੰਸ ਰਾਗ ਵਿਚ ਅਲਾਹਣੀਆਂ ਦੇ ਸ਼ਬਦ ਰਚਕੇ ਅੰਗੀਠੇ ਵੇਲੇ ਵਡਹੰਸ ਰਾਗ ਵਿਚ ਉਸੇ ਹੀ ਪੁਰਾਣੀ ਧਾਰਨਾ ਤੇ ਗਾਏ ਜਾਣ ਦੀ ਮਰਯਾਦਾ ਸਤਿਗੁਰੂ ਜੀ ਨੇ ਚਲਾਈ। ਇਸੇ ਤਰ੍ਹਾਂ ਵਿਆਹ ਵੇਲੇ ਘੋੜੀਆਂ ਗਾਉਣ ਦਾ ਰਿਵਾਜ਼ ਸੀ ਤੇ ਉਹ ਬੰਦਸ਼ ਭੀ ਆਪਣੀ ਕਿਸਮ ਦੀ ਹੀ ਸੀ। ਗੁਰਬਾਣੀ ਵਿਚ 'ਘੋੜੀਆਂ' ਸ਼ਬਦ ਦੇ ਸਿਰਲੇਖ ਵਾਲੇ ਸ਼ਬਦ ਉਸੇ ਟੀਊਨ ਤੇ ਗਾਏ ਜਾਂਦੇ ਸਨ। 'ਸੁਧੰਗ' ਪਦ ਦਾ ਸੰਬੰਧ ਭੀ ਪੁਰਾਤਨ ਵਿਦਵਾਨ ਸੰਗੀਤ ਨਾਲ ਹੀ ਦਸਿਆ ਕਰਦੇ ਸਨ। ਸਲੋਕ, ਦੋਹਰੇ, ਸੋਰਠੇ, ਛੰਤ, ਚਉਬੋਲੇ, ਛੱਕੇ ਆਦਿਕ ਗਾਉਣ ਦਾ ਤਰੀਕਾ ਸਤਿਗੁਰੂ ਜੀ ਨੇ

ਨਿਰਾਲਾ ਹੀ ਈਜਾਦ ਕੀਤਾ ਸੀ। ਉਹਨਾਂ ਬੰਦਸ਼ਾਂ ਦੇ ਤਰੀਕੇ ਕੀਰਤਨੀਆ ਦੇ ਦਿਮਾਗ ਵਿਚੋਂ ਕਰੀਬਨ ਨਿਕਲ ਹੀ ਚੁਕੇ ਹੈਨ।

'ਰਹੋਏ ਕੇ ਛੰਤ' ਪਦ ਦਾ ਇਸ਼ਾਰਾ ਵੀ ਕਿਸੇ ਸੰਗੀਤ ਬੰਦਸ਼ ਵੱਲ ਹੀ ਹੈ। ਗੁਰਬਾਣੀ ਵਿਚ ਆਏ 'ਜਤਿ' ਪਦ ਦਾ ਸਬੰਧ ਜੋੜੀ ਨਾਲ ਹੈ। ਤਬਲੇ ਦੇ ਤਿੰਨ ਅੰਗ ਹੈਨ ਜਦੋਂ ਤਬਲਚੀ ਦੋਨੋਂ ਹੱਥ ਬੰਦ ਕਰ ਕੇ ਤਬਲਾ ਵਜਾਉਂਦਾ ਹੈ ਉਸ ਨੂੰ ਗਤਿ ਆਖਦੇ ਹੈਨ ਤੇ ਜਦੋਂ ਦੋਨੋਂ ਹੱਥ ਖੁੱਲੇ ਕਰਕੇ ਤਬਲਾ ਵਜਾਉਂਦਾ ਹੈ ਉਸ ਨੂੰ ਸਾਥ ਆਖਦੇ ਹਨ। ਜਦੋਂ ਪੁੜੇ ਵਾਲਾ ਹੱਥ ਬੰਦ ਤੇ ਧਾਮੇਂ ਵਾਲਾ ਹੱਥ ਖੁਲ੍ਹਾ ਕਰਕੇ ਤਬਲਾ ਵਜਾਇਆ ਜਾਂਦਾ ਹੈ ਉਸ ਨੂੰ ਜਤਿ ਆਖਦੇ ਹਨ। ਸੋ ਜਤਿ ਪਦੁ ਵਾਲੇ ਸਿਰਲੇਖ ਦੇ ਸ਼ਬਦ ਦਾ ਕੀਰਤਨ ਕਰਨ ਸਮੇਂ ਇੱਕ ਹੱਥ ਬੰਦ ਤੇ ਇਕ ਖੁਲਾ ਰਖਕੇ ਤਬਲਾ ਵਜਾਉਣ ਦੀ ਸਤਿਗੁਰੂ ਜੀ ਵਲੋਂ ਤਾਕੀਦ ਹੈ ਇਹ ਭੀ ਸੰਗੀਤ ਦਾ ਇਕ ਗੁੱਝਾ ਭੇਦ ਹੈ।

ਨੌ ਵਾਰਾਂ ਉਤੇ ਨੌ ਧੁਨਾਂ ਦਾ ਜ਼ਿਕਰ ਹੈ। ਛੇਵੀਂ ਪਾਤਸ਼ਾਹੀ ਨੇ ਉਸ ਵਕਤ ਸੂਰਮਿਆਂ ਦੀ ਸਿਫਤ ਵਿਚ ਗਾਈਆਂ ਜਾਂਦੀਆਂ ਵਾਰਾਂ ਦੀਆਂ ਬੰਦਸ਼ਾਂ ਵਿਚੋਂ ਨੌ ਕਿਸਮ ਦੀਆਂ ਬੰਦਸ਼ਾਂ ਪਸੰਦ ਕਰਕੇ ਨੌ ਵਾਰਾਂ ਉਨ੍ਹਾਂ ਨੌ ਧੁਨੀਆਂ ਅਨੁਸਾਰ ਗਾਉਣ ਲਈ ਵਾਰਾਂ ਦੇ ਸਿਰਲੇਖ ਤੇ ਧੁਨਾਂ ਲਿਖਵਾ ਦਿੱਤੀਆਂ। ਇਹ ਭੀ ਸੰਗੀਤ ਵਿਦਿਆ ਵਿਚ ਇਕ ਅਲੌਕਿਕ ਰਸ ਦਾਇਕ ਤਰੀਕਾ ਸੀ। ਕੁਝ ਖੋਜੀਆ ਦੀ ਏਹ ਵੀਚਾਰ ਹੈ ਕਿ ਨੌ ਧੁਨੀਆ ਭੀ ਗੁਰੂ ਅਰਜਨ ਦੇਵ ਜੀ ਨੇ ਹੀ ਲਿਖਵਾਈਆਂ ਸਨ।

**ਨੋਟ** : ਛੇਵੇਂ ਪਾਤਸ਼ਾਹ ਦੇ ਵੇਲੇ ਬੀੜ ਦੇ ਲਿਖਾਰੀ ਭਾਈ ਗੁਰਦਾਸ ਜੀ ਕਈ ਸਾਲ ਜੀਵਤ ਰਹੇ ਸਨ। ਇਸ ਲਈ ਮੇਰਾ ਖਿਆਲ ਨੌ ਧੁੰਨੀਆਂ ਦਾ ਛੇਵੀਂ ਪਾਤਸ਼ਾਹੀ ਦਾ ਭਾਈ ਗੁਰਦਾਸ ਪਾਸੋਂ ਲਿਖਵਾਣਾ ਪ੍ਰਪਕ ਹੈ।

ਇਕ ਸ਼ਬਦ ਦਾ ਸਿਰਲੇਖ **'ਯਾਨੜੀਏ ਕੇ ਘਰ ਗਾਵਣਾ'** ਦਾ ਭਾਵ ਇਹ ਹੈ ਕਿ ਇਸੇ ਸ਼ਬਦ ਨੂੰ **'ਇਆਨੜੀਏ ਮਾਨੜਾ ਕਾਇ ਕਰੇਇ'** ਵਾਲੇ ਸ਼ਬਦ ਦੇ ਘਰ ਅਥਵਾ ਤਾਲ ਵਿਚ ਹੀ ਗਾਉਣਾ ਚਾਹੀਦਾ ਹੈ। ਸ੍ਰੀ ਰਾਗ ਵਿਚ ਇਕ ਸ਼ਬਦ ਦਾ ਸਿਰਲੇਖ ਹੈ **'ਏਕ ਸੁਆਨ ਕੇ ਘਰਿ ਗਾਵਣਾ'**। ਇਸ ਦਾ ਅਰਥ ਤਾਂ ਗਿਆਨੀ ਜਨ ਇਹੋ ਕਰਦੇ ਹਨ ਕਿ ਇਹ ਸ਼ਬਦ ਕਬੀਰ ਜੀ ਦੇ 'ਏਕ ਸੁਆਨ ਦੋਇ ਸੁਆਨੀ ਨਾਲ' ਵਾਲੇ ਸ਼ਬਦ ਵਾਲੇ ਘਰ ਅਥਵਾ ਤਾਲ ਵਿਚ ਗਾਉਣਾ ਚਾਹੀਏ। ਪਰ ਸਤਿਗੁਰੂ ਜੀ ਦੇ ਵਕਤ ਤੋਂ ਹੀ ਕੀਰਤਨੀਆ ਅੰਦਰ ਇਕ ਅਨੋਖੀ ਰੀਤ ਪ੍ਰਚਲਤ ਹੋ ਚੁਕੀ ਸੀ। ਕਿਸੇ ਸਮੇਂ ਸੁਆਨ (ਕੁੱਤਾ) ਇਕ ਅਨੋਖੀ ਕਿਸਮ ਦੀ ਆਵਾਜ਼ ਕਢਦਾ ਹੈ। ਜਿਵੇਂ ਹਰ

ਜਾਨਵਰਾਂ ਦੀਆਂ ਆਵਾਜ਼ਾਂ ਤੋਂ ਸੰਗੀਤਕਾਰਾਂ ਨੇ ਬਹੁਤ ਪ੍ਰਭਾਵ ਕਬੂਲਿਆ ਹੈ ਉਸੇ ਤਰ੍ਹਾਂ ਇਸ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਪੁਰਾਤਨ ਕੀਰਤਨੀਏ ਸ੍ਰੀ ਰਾਗ ਵਿਚ ਤਾਰ ਸਪਤਕ ਦੀ ਕੋਮਲ ਰਿਸ਼ਭ ਤੋਂ ਮੱਧ ਸਪਤਕ ਦੀ ਕੋਮਲ ਰਿਸ਼ਭ ਤਕ ਇਕ ਮੀਂਡ ਲਗਾਉਂਦੇ ਸਨ ਜੋ ਕਿ ਸ੍ਰੀ ਰਾਗ ਦੀ ਥਿਊਰੀ ਦੇ ਭੀ ਅਨੁਕੂਲ ਹੈ ਤੇ ਉਸ ਦੀ ਆਵਾਜ਼ ਬਿਲਕੁਲ ਕੁੱਤੇ ਦੇ ਕਿਸੇ ਖਾਸ ਅੰਦਾਜ਼ ਵਿਚ ਕੱਢੀ ਹੋਈ ਆਵਾਜ਼ ਦੇ ਨਾਲ ਮਿਲਦੀ ਜੁਲਦੀ ਹੈ। **'ਏਕ ਸੁਆਨ ਕੈ ਘਰਿ ਗਾਵਣਾ'** ਦੇ ਸਿਰਲੇਖ ਤੋਂ ਪ੍ਰਭਾਵਤ ਹੋ ਕੇ ਸ੍ਰੀ ਰਾਗ ਗੌਣ ਦੀ ਇਹ ਨਿਰਾਲੀ ਕਾਢ ਭੀ ਗੁਰੂ ਸਾਹਿਬ ਦੇ ਵਕਤ ਤੋਂ ਹੀ ਪ੍ਰਚਲਤ ਹੋਈ ਜਾਪਦੀ ਹੈ। ਏਸ ਮੀਂਡ ਲਈ ਬਹੁਤ ਹੀ ਮੇਹਨਤ ਦੀ ਜ਼ਰੂਰਤ ਹੈ। ਇਸ ਤਰ੍ਹਾਂ ਹੋਰ ਗਵਯੀਆ ਦੇ ਗਾਏ ਹੋਏ ਸ੍ਰੀ ਰਾਗ ਨਾਲੋਂ ਗੁਰਮਤਿ ਕੀਰਤਨੀਆਂ ਦੇ ਗਾਏ ਸ੍ਰੀ ਰਾਗ ਦਾ ਜ਼ਿਆਦਾ ਰਸ ਤੇ ਅਲੌਕਿਕ ਹੀ ਪ੍ਰਭਾਵ ਹੈ।

ਗੁਰਬਾਣੀ ਵਿਚ ਕਈ ਸ਼ਬਦਾਂ ਦੇ ਸਿਰਲੇਖ 'ਪੜਤਾਲ' ਹਨ। ਐਸੇ ਸ਼ਬਦਾਂ ਦੀਆਂ ਤੁਕਾਂ ਦੀ ਰਚਨਾ ਭੀ ਬਹੁਤ ਨਿਰਾਲੇ ਢੰਗ ਦੀ ਹੈ ਤੇ ਸਤਿਗੁਰੂ ਗੁਰੂ ਰਾਮਦਾਸ ਜੀ ਨੇ ਖੁਦ ਪੜਤਾਲਾਂ ਗੌਣ ਦਾ ਤਰੀਕਾ ਪ੍ਰਚਲਤ ਕੀਤਾ ਸੀ। ਇਹਨਾ ਸ਼ਬਦਾਂ ਦੇ ਗਾਇਨ ਕਰਨ ਸਮੇਂ ਤਾਲਾਂ ਦੀ ਬਦਲੀ ਕੀਤੀ ਜਾਂਦੀ ਹੈ ਬਦਲੀ ਕਰਕੇ ਇਨ੍ਹਾਂ ਸ਼ਬਦਾਂ ਨੂੰ ਗਾਉਣ ਦਾ ਢੰਗ ਭੀ ਨਿਰਾਲਾ ਹੀ ਹੈ ਜੋ ਕਿ ਹੋਰ ਗਵਯੀਆਂ ਪਾਸੋਂ ਸੁਣਨ ਵਿਚ ਨਹੀਂ ਆਇਆ। ਅਜ ਕਲ ਕੁਛ ਰਾਗੀ ਈਹੋ ਸਮਝ ਬੈਠੇ ਹੈਨ ਕਿ ਕੇਵਲ ਤਾਲ ਦੀ ਬਦਲੀ ਦਾ ਨਾਮ ਹੀ ਪੜਤਾਲ ਹੈ ਹਰ ਇਕ ਸ਼ਬਦ ਇਸ ਤਰਾਂ ਗਾਇਆ ਜਾ ਸਕਦਾ ਹੈ। ਏਹ ਮਨਮੱਤ ਹੈ ਕੇਵਲ ਪੜਤਾਲ ਸਿਰਲੇਖ ਵਾਲਾ ਸ਼ਬਦ ਹੀ ਪੜਤਾਲ ਹੋ ਸਕਦਾ ਹੈ। ਇਹ ਭੀ ਗੁਰਮਤਿ ਸੰਗੀਤ ਦੀ ਇਕ ਨਿਰਾਲੀ ਕਾਢ ਹੈ। ਹੋਰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੰਗੀਤ ਬਾਰੇ ਬਹੁਤ ਬਾਰੀਕੀਆਂ ਹੈਨ ਪਰ ਖੋਜ ਤੇ ਮੇਹਨਤ ਦੀ ਘਾਟ ਹੁੰਦੀ ਜਾਣ ਕਰਕੇ ਕੀਰਤਨੀਆਂ ਦੇ ਦਿਮਾਗ ਵਿਚੋਂ ਨਿਕਲ ਚੁਕੀਆਂ ਹਨ। ਸਾਰੀਆਂ ਗਲਾਂ ਤੋਂ ਇਹ ਹੀ ਨਿਰਣਾ ਪ੍ਰਪੱਕ ਹੁੰਦਾ ਹੈ ਕਿ ਜਿਥੇ ਗੁਰਬਾਣੀ ਇਕ ਬ੍ਰਹਮ ਵਿਦਿਆ ਤੇ ਭਗਤੀ ਦਾ ਅਮੋਲਕ ਭੰਡਾਰ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮਤ ਸੰਗੀਤ ਦਾ ਭੀ ਇਕ ਅਮੋਲਕ ਖਜ਼ਾਨਾ ਹੈ ਅਤੇ ਸਾਰੇ ਮਤਾਂ ਦੇ ਧਾਰਮਿਕ ਗ੍ਰੰਥਾਂ ਵਿਚੋਂ ਕੇਵਲ ਗੁਰੂ ਗ੍ਰੰਥ ਸਾਹਿਬ ਅੰਦਰ ਹੀ ਇਹ ਵਡਿਆਈ ਪ੍ਰਗਟ ਹੁੰਦੀ ਹੈ।

## ਕੀਰਤਨ ਦੀ ਪੁਰਾਤਨ ਮਰਯਾਦਾ

ਹਰ ਇਕ ਰਾਗ ਦਾ ਸਰੂਪ ਵਖਰਾ ਵਖਰਾ ਹੈ ਜੋ ਕਿ ਰਾਗ ਗਾਉਣ ਤੋਂ ਪਹਿਲੇ ਉਸ ਰਾਗ ਦਾ ਸਰੂਪ ਗਾਉਣ ਵਾਲੇ ਦੇ ਦਿਮਾਗ ਵਿਚ ਆ ਜਾਂਦਾ ਹੈ। ਪ੍ਰਾਚੀਨ ਗਵਯੀਆ ਨੇ ਰਾਗਾਂ ਦੇ ਪ੍ਰਭਾਵ ਨੂੰ ਪ੍ਰਗਟ ਕਰਨ ਵਾਲੇ ਚਿਤਰ ਬਣਾ ਕੇ ਗ੍ਰੰਥਾਂ ਵਿਚ ਚਿਤਰੇ ਹੋਏ ਹੈਨ। ਜੇਕਰ ਉਸ ਰਾਗ ਦਾ ਸੂਖਸ਼ਮ ਸਰੂਪ ਵਾਯੂ ਮੰਡਲ ਵਿਚ ਰੱਚ ਜਾਵੇ ਤਾਂ ਉਸ ਰਾਗ ਨੂੰ ਗਾਉਣ ਵਾਲਾ ਅਤੀ ਹੀ ਮਸਤੀ ਵਿਚ ਉਹ ਰਾਗ ਗਾਉਂਦਾ ਹੈ ਤੇ ਸਰੋਤੇ ਭੀ ਉਸ ਅਨੰਦ ਨੂੰ ਮਾਣਦੇ ਹਨ। ਗਾਉਣ ਵਾਲੇ ਤੇ ਸੁਣਨ ਵਾਲੇ ਦੇ ਅਨੰਦ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਇਸੇ ਲਈ ਕੀਰਤਨ ਵਿਚ ਅਨੋਖਾ ਸੁਆਦ ਭਰਨ ਲਈ ਗੁਰੂ ਨਾਨਕ ਸਾਹਿਬ ਜੀ ਨੇ ਹੀ ਇਕ ਤਰੀਕਾ ਪ੍ਰਚਲਤ ਕੀਤਾ ਸੀ। ਸਤਿਗੁਰੂ ਜੀ ਦੀ ਜਿਸ ਰਾਗ ਵਿਚ ਬਾਣੀ ਉਚਾਰਨ ਤੇ ਗਾਇਨ ਕਰਨ ਦੀ ਇੱਛਾ ਹੁੰਦੀ ਸੀ। ਭਾਈ ਮਰਦਾਨੇ ਨੂੰ ਉਸੇ ਰਾਗ ਵਿਚ ਰਬਾਬ ਦੀਆਂ ਤਾਰਾਂ ਛੇੜਨ ਦੀ ਆਗਿਆ ਦਿੱਤੀ ਜਾਂਦੀ ਸੀ। ਭਾਈ ਮਰਦਾਨਾ ਰਬਾਬ ਦੀਆਂ ਤਾਰਾਂ ਵਿਚੋਂ ਉਸ ਰਾਗ ਨੂੰ ਵਜਾਉਂਦਾ ਜਿਸ ਨਾਲ ਸਾਰੇ ਵਾਯੂ ਮੰਡਲ ਵਿਚ ਹੀ ਉਸ ਰਾਗ ਦਾ ਸਰੂਪ ਵੱਸ ਜਾਂਦਾ। ਇਸ ਤਰੀਕੇ ਨੂੰ ਨਗਮਾ, ਲਹਿਰਾ, ਸ਼ਾਨ ਵਜੌਣਾ ਆਖਦੇ ਹਨ। ਪੰਜ ਚਾਰ ਮਿੰਟਾਂ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਰਾਗ ਵਿਚ ਬਾਣੀ ਉਚਾਰਕੇ ਤੇ ਗਾ ਕੇ ਐਸਾ ਮਸਤੀ ਦਾ ਵਾਤਾਵਰਣ ਪੈਦਾ ਕਰ ਦੇਂਦੇ ਕਿ ਇਨਸਾਨ ਤਾਂ ਕੀ ਪਸ਼ੂ ਪੰਛੀ ਭੀ ਮੋਹੇ ਜਾਂਦੇ ਸਨ। ਉਸ ਸਮੇਂ ਤਬਲਾ ਜਾਂ ਮਰਦੰਗ ਵਜਾਉਣ ਵਾਲਾ ਕੋਈ ਸਾਥੀ ਨਾਲ ਨਹੀਂ ਸੀ ਹੁੰਦਾ।

ਦੂਜੀ ਪਾਤਸ਼ਾਹੀ ਦੇ ਸਮੇਂ ਭਾਈ ਮਰਦਾਨੇ ਦੀ ਅੰਸ ਵਿਚੋਂ ਕੀਰਤਨੀਏ ਕੀਰਤਨ ਦੇ ਅਰੰਭ ਵਿਚ ਉਸੇ ਤਰ੍ਹਾਂ ਨਗਮਾਂ ਸਾਜ਼ਾਂ ਵਿਚ ਵਜਾਉਂਦੇ ਤੇ ਉਸ ਨਗਮੇ ਨਾਲ ਜੋੜੀ ਜਾਂ ਮਰਦੰਗ ਵਾਲਾ ਗਤ ਵਜੌਂਦਾ ਉਸ ਦਾ ਪ੍ਰਭਾਵ ਭੀ ਅਲੌਕਿਕ ਹੁੰਦਾ। ਤਬਲੇ ਵਾਲਾ ਭੀ ਆਪਣੀ ਕਲਾ ਦੀ ਕਮਾਲੀਅਤ ਦਾ ਪ੍ਰਗਟਾਵਾ ਕਰਦਾ ਸੀ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਕੀਰਤਨ ਤੋਂ ਪਹਿਲੋਂ ਸ਼ਾਨ ਵਜਾਉਣ ਦੀ ਮਰਯਾਦਾ ਪ੍ਰਚਲਤ ਹੋਈ। ਸ਼ਾਨ ਤੋਂ ਬਾਦ ਮੰਗਲਾ ਚਰਨ ਕੀਤਾ ਜਾਂਦਾ ਉਸ ਮੰਗਲਾ ਚਰਨ ਵਿਚ ਵੀ ਸੰਗੀਤ ਕਲਾ ਦਾ ਪ੍ਰਗਟਾਵਾ ਕਮਾਲ ਦਾ ਹੁੰਦਾ ਸੀ। ਮੰਗਲਾ ਚਰਨ ਵਿਚ ਬੇਨਤੀ ਤੇ ਪ੍ਰਭੂ ਦੀ ਸਿਫਤ ਵਾਲੀ ਗੁਰਬਾਣੀ ਹੀ ਹੁੰਦੀ ਸੀ। ਇਸ ਤੋਂ ਪਿਛੋਂ ਕੋਈ ਪੜਤਾਲ ਜਾਂ ਵਡੇ ਤਾਲ ਵਿਚ

ਧਰੁਪਦ ਗਾਇਆ ਜਾਂਦਾ ਸੀ। ਧਰੁਪਦ ਦੇ ਚਾਰ ਹਿਸੇ ਹੁੰਦੇ ਹਨ ਪਹਲੇ ਰਹਾਉ ਵਾਲੀ ਤੁਕ ਅਸਥਾਈ ਵਿਚ ਗਾਈ ਜਾਂਦੀ ਉਸ ਨਾਲ ਜੋੜੀ ਵਾਲਾ ਠਾ ਲੈ ਵਿਚ ਖੁੱਲੇ ਹਥਾਂ ਨਾਲ ਸਾਥ ਵਜਾਉਂਦਾ। ਫਿਰ ਅੰਤਰਾ ਗਾਇਆ ਜਾਂਦਾ। ਉਸ ਨਾਲ ਜੋੜੀ ਵਾਲਾ ਦੁਗੁਣ ਦੇ ਬੋਲ ਵਜਾਉਂਦਾ ਅੰਤਰੇ ਦੀ ਸਮਾਪਤੀ ਅਸਥਾਈ ਦੁਬਾਰਾ ਗਾ ਕੇ ਕੀਤੀ ਜਾਂਦੀ ਹੈ। ਜੋੜੀ ਵਾਲਾ ਅਖੀਰ ਤੇ ਤੋੜਾ ਮਾਰਦਾ ਉਸ ਤੋਂ ਬਾਅਦ ਸੰਚਾਰੀ ਤੇ ਅਭੋਗ ਇਕਠੇ ਗਾਏ ਜਾਂਦੇ ਹਨ। ਸੰਚਾਰੀ ਵਿਚ ਤਬਲੇ ਵਾਲਾ ਆੜ ਕੁਆੜ ਲੈਆਂ ਦੇ ਬੋਲ ਵਜਾਂਦਾ ਤੇ ਆਭੋਗ ਸਮੇਂ ਦੁਗੁਣ ਦੀ ਦੁਗੁਣ ਜਾਂ ਤਿਗਣ ਦੇ ਬੋਲ ਵਜਾਂਦਾ, ਸਮਾਪਤੀ ਅਸਥਾਈ ਗਾ ਕੇ ਹੀ ਕੀਤੀ ਜਾਂਦੀ ਸੀ। ਸੰਚਾਰੀ ਤੇ ਆਭੋਗ ਤੋਂ ਬਾਦ ਅਸਥਾਈ ਦੇ ਮੁਕਾ ਸਮੇਂ ਤਬਲੇ ਵਾਲਾ ਬੜੇ ਅਲੌਕਿਕ ਢੰਗ ਨਾਲ ਤੋੜਾ ਮਾਰਦਾ ਕਿ ਸ੍ਰੋਤੇ ਅਸ਼ ਅਸ਼ ਕਰ ਉਠਦੇ ਸਨ। ਇਸੇ ਤਰ੍ਹਾਂ ਪੜਤਾਲਾਂ ਦੀ ਅਸਥਾਈ ਵਿਚ ਠਾ ਦੇ ਬੋਲ ਵਜਾਂਦੇ ਤੇ ਬਦਲੇ ਹੋਏ ਤਾਲਾਂ ਸਮੇਂ ਅੰਤਰਾ ਗੌਣ ਵੇਲੇ ਉਹ ਤਾਲ ਗਤ (ਬੰਦ ਹਥਾਂ ਨਾਲ) ਦੀ ਸ਼ਕਲ ਵਿਚ ਜਾਂ ਸਾਥ ਦੀ ਸ਼ਕਲ (ਖੁਲੇ ਹਥਾਂ) ਵਿਚ ਵਜਾਏ ਜਾਂਦੇ ਤੇ ਮੁਕਾ ਵੇਲੇ ਫਿਰ ਧਰੁਪਦ ਵਾਂਗੂ ਹੀ ਅਸਥਾਈ ਗਾਈ ਜਾਂਦੀ ਤੇ ਤਬਲੇ ਦੇ ਬੋਲ ਤੇ ਤੋੜਾ ਵਜਾਏ ਜਾਂਦੇ ਸਨ। ਇਸ ਢੰਗ ਨਾਲ ਧਰੁਪਦ ਤੇ ਪੜਤਾਲਾ ਗੌਣੀਆਂ ਤੇ ਤਬਲੇ ਦਾ ਸਾਥ ਵਜਾਉਣਾ ਤੇ ਉਸ ਸਮੇਂ ਗੌਣਵਾਲੇ ਤੇ ਵਜੌਣ ਵਾਲੇ ਦੋਹਾਂ ਦਾ ਲੈ ਅਤੇ ਤਾਰ ਨੂੰ ਕਾਇਮ ਰਖਣਾ ਬਹੁਤ ਹੀ ਕਠਿਨ ਮੇਹਨਤ ਦਾ ਸਿੱਟਾ ਹੋਇਆ ਕਰਦਾ ਸੀ।

ਪੁਰਾਤਨ ਕੀਰਤਨੀਏ ਐਸੀਆਂ ਬੰਦਸ਼ਾਂ ਗੌਣ ਤੋਂ ਪਹਿਲੋਂ ਸ਼ਬਦ ਦਾ ਪਾਠ ਸੁਣਾਇਆ ਕਰਦੇ ਸਨ ਤਾਂਕਿ ਕੀਰਤਨ ਵੇਲੇ ਗੁਰਸ਼ਬਦ ਦੇ ਅਰਥਾਂ ਦੀ ਭੀ ਸਮਝ ਸ੍ਰੋਤਿਆਂ ਨੂੰ ਆਉਂਦੀ ਰਹੇ। ਉਸ ਸਮੇਂ ਦੀ ਸੰਗਤ ਹੁਣ ਦੀ ਸੰਗਤ ਵਾਂਗੂ ਕੀਤੇ ਕਰਾਏ ਪਾਠ ਦੇ ਫਲ ਦੀ ਇੱਛਾ ਨਹੀਂ ਸੀ ਰਖਦੀ। ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਖੁਦ ਕਰਨ ਜਾਂ ਬੈਠਕੇ ਸੁਣਨ ਦੀ ਪ੍ਰਪਾਟੀ ਵਧੇਰੇ ਸੀ। ਪਾਠ ਕਰਦੇ ਰਹਿਣ ਤੇ ਸੁਣਦੇ ਰਹਿਣ ਕਰਕੇ ਐਸੇ ਢੰਗ ਦੇ ਕੀਰਤਨ ਦਾ ਭੀ ਸ੍ਰੋਤੇ ਪੂਰਨ ਅਨੰਦ ਪ੍ਰਾਪਤ ਕਰ ਲਿਆ ਕਰਦੇ ਸਨ। ਜਦੋਂ ਤੋਂ ਸ੍ਰੋਤੇ ਕੇਵਲ ਪਾਠ ਰਖਵਾ ਦੇਣਾ ਤੇ ਭੋਗ ਪਵਾ ਲੈਣਾ ਇਸੇ ਨੂੰ ਹੀ ਕਾਫੀ ਸਮਝਣ ਲੱਗ ਪਏ ਹਨ ਉਦੋਂ ਤੇ ਧਰੁਪਦ ਦੀ ਸ਼ਕਲ ਵਿਚ ਗਾਏ ਸ਼ਬਦਾਂ ਦਾ ਸ੍ਰੋਤਿਆਂ ਨੂੰ ਕੱਖ ਭੀ ਪਤਾ ਨਹੀਂ ਲੱਗਦਾ। ਇਸੇ ਕਰਕੇ ਰਾਗੀ ਸਿੰਘ ਭੀ ਐਸੀ ਕਠਿਨ ਮਿਹਨਤ ਤੋਂ ਕੰਨੀ ਕਤਰੌਣ ਲੱਗ ਪਏ ਹਨ।

ਉਨ੍ਹਾਂ ਦਾ ਕੰਮ ਭੀ ਸੌਖਾ ਹੋ ਗਿਆ ਹੈ।

ਧਰੁਪਦ ਤੋਂ ਬਾਅਦ ਤਿਨ ਤਾਲ ਆਦਿਕ ਵਿਚ ਕੋਈ ਸੌਖੀ ਰੀਤ ਗਾਈ ਜਾਂਦੀ ਸੀ। ਇਸ ਰੀਤ ਵਿਚ ਤਾਨ ਅਲਾਪ ਕੀਤਾ ਜਾਂਦਾ ਸੀ। ਤਾਨ ਅਲਾਪ ਪੁਰਾਤਨ ਕੀਰਤਨੀਏ ਬਾਣੀ ਦੀ ਤੁਕ ਨੂੰ ਹੀ ਲੈਕੇ ਕਰਿਆ ਕਰਦੇ ਸਨ ਤਾਂਕਿ ਸ੍ਰੋਤਿਆਂ ਦੀ ਬਿਰਤੀ ਗੁਰੂ-ਸ਼ਬਦ ਨਾਲ ਜੁੜੀ ਰਹੇ। ਨਿਰਾ ਆ ਆ ਕਰਕੇ ਤਾਨ ਅਲਾਪ ਕਰਨ ਦਾ ਰਿਵਾਜ ਥੋੜੇ ਸਮੇਂ ਤੋਂ ਹੀ ਪਿਆ ਹੈ। ਉਸ ਤੋਂ ਬਾਦ ਤਲਵਾੜੇ ਦਾਦਰੇ ਆਦਿਕ ਵਿਚ ਸ਼ਬਦ ਗਾਇਆ ਜਾਂਦਾ ਤੇ ਥੋੜੇ ਸਮੇਂ ਪ੍ਰਮਾਣ ਦਿੱਤੇ ਜਾਂਦੇ ਤੇ ਸ਼ਬਦ ਦੀ ਵੀਚਾਰ ਤੇ ਕੋਈ ਸਾਖੀ ਸੰਖੇਪ ਜਿਹੀ ਵਿਆਖਿਆ ਰਾਹੀਂ ਕੀਤੀ ਜਾਂਦੀ। ਅੰਤ ਵਿਚ ਰਾਗ ਵਿਚ ਹੀ ਪਉੜੀ ਲਾ ਕੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਸੀ।

ਪੁਰਾਤਨ ਕੀਰਤਨੀਏ ਕੀਰਤਨ ਦੇ ਸਮੇਂ ਬਝਵੀਆਂ ਰੀਤਾਂ ਹੀ ਜ਼ਿਆਦਾ ਗਾਇਆ ਕਰਦੇ ਸਨ। ਇਕ ਸ਼ਬਦ ਆਰੰਭ ਕਰਕੇ ਉਸ ਵਿਚ ਘੰਟਿਆ ਬੱਧੀ ਕੇਵਲ ਪ੍ਰਮਾਣ ਦੇਂਦੇ ਰਹਿਣ ਦਾ ਰਿਵਾਜ ਭੀ ਥੋੜੇ ਸਮੇਂ ਤੋਂ ਹੀ ਪ੍ਰਚਲਤ ਹੋਇਆ ਹੈ। ਬੱਝਵੀਆਂ ਰੀਤਾਂ ਨੂੰ ਦਿਮਾਗ ਵਿਚ ਸੰਭਾਲ ਰਖਣ ਲਈ ਤੇ ਵਡੇ ਛੋਟੇ ਤਾਲਾਂ ਦੀ ਲੈਅ ਤੇ ਮਾਤਰਾਂ ਆਦਿਕ ਦੇ ਹਿਸਾਬ ਨੂੰ ਭੀ ਚੇਤੇ ਰਖਣ ਲਈ ਫਿਰ ਉਹ ਰੀਤਾਂ ਦੀਵਾਨਾਂ ਵਿਚ ਪੂਰੀ ਤਿਆਰੀ ਨਾਲ ਗੌਣ ਲਈ ਕੀਰਤਨੀਆਂ ਨੂੰ ਬਹੁਤ ਮੇਹਨਤ ਕਰਨ ਦੀ ਜ਼ਰੂਰਤ ਪੈਂਦੀ ਸੀ। ਇਸ ਪੁਰਾਤਨ ਢੰਗ ਤੋਂ ਵਖਰੇ ਨਵੀਨ ਢੰਗ ਅਨੁਸਾਰ ਬਹੁਤ ਸਮਾਂ ਕੇਵਲ ਪ੍ਰਮਾਣ ਵਿਚੋਂ ਪ੍ਰਮਾਣ ਅਥਵਾ ਥੋੜੀਆਂ ਜਿਹੀਆਂ ਸੁਰਾਂ ਤੇ ਹੀ ਤੁਕਾਂ ਗਾਈ ਜਾਣ ਲਈ ਉਤਨੀ ਮੇਹਨਤ ਦੀ ਜ਼ਰੂਰਤ ਨਹੀਂ ਰਹੀ। ਇਹ ਨਵੀਨ ਤਰੀਕਾ ਸ੍ਰੋਤਿਆਂ ਲਈ ਤਾਂ ਭਾਵੇਂ ਬਹੁਤ ਦਿਲਚਸਪ ਸਾਬਤ ਹੋਇਆ ਹੈ ਪਰ ਗੁਰਮਤਿ ਕੀਰਤਨ ਦੇ ਸਿਧਾਂਤ ਲਈ ਹਾਨੀਕਾਰਕ ਸਾਬਤ ਹੋਇਆ ਹੈ। ਖੈਰ ਸ੍ਰੋਤਿਆਂ ਨੇ ਰਾਗੀ ਸਿੰਘਾਂ ਨੂੰ ਕਠਿਨ ਮੇਹਨਤ ਕਰਨ ਤੋਂ ਮੁਕਤ ਕਰ ਦਿੱਤਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਰਾਗਾਂ ਤੋਂ ਬਿਨਾ ਬਾਹਰਲੇ ਰਾਗਾਂ ਵਿਚ ਬਾਣੀ ਗਾਉਣ ਲਈ ਵਿਚਾਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਰਾਗ ਆਏ ਹਨ, ਉਨ੍ਹਾਂ ਤੋਂ ਬਿਨਾਂ ਹੋਰ ਰਾਗਾਂ ਵਿਚ ਬਾਣੀ ਗਾਈ ਜਾਣ ਦੀ ਸ੍ਰੀ ਸਤਿਗੁਰੂ ਸਾਹਿਬਾਨ ਜੀ ਵਲੋਂ ਕੋਈ ਪਾਬੰਦੀ ਨਹੀਂ ਲਾਈ ਗਈ। **ਸਤਿਗੁਰੂ ਜੀ ਗੁਰਸਿਖਾਂ ਨੂੰ ਹਰ ਵਿਦਿਆ ਵਿਚ ਮਹਾਨ ਵਿਦਵਾਨ ਬਣਿਆ ਵੇਖਣ ਦੇ ਚਾਹਵਾਨ ਸਨ ਅਤੇ ਹਜ਼ੂਰ ਦਾ ਐਸਾ ਹੀ ਯਤਨ ਰਿਹਾ ਹੈ।** ਗੁਰਸਿਖਾਂ ਨੂੰ ਕੇਵਲ **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ**

ਹੀ ਰਾਗਾਂ ਦੀ ਹੱਦ ਵਿਚ ਆਪਣੀ ਮੇਹਨਤ ਤੇ ਖੋਜ ਨੂੰ ਸੀਮਤ ਕਰ ਦੇਣ ਦਾ ਮਨੋਰਥ ਸਤਿਗੁਰੂਆਂ ਦਾ ਨਹੀਂ ਸੀ। ਇਸੇ ਲਈ ਪੰਜਵੀ ਪਾਤਸ਼ਾਹੀ ਨੇ ਬਾਣੀ ਦੇ ਅੰਤ ਵਿਚ ਰਾਗ ਮਾਲਾ ਦਰਜ ਕਰਵਾਈ ਕਿ ਭੋਗ ਸਮੇਂ ਇਸ ਨੂੰ ਪੜ੍ਹਨ ਤੇ ਸੁਣਨ ਵਾਲਿਆਂ ਨੂੰ ਇਨਾਂ ਰਾਗਾਂ ਦੀ ਸੋ੍ਤ ਤੇ ਜਾਣ ਪਹਿਚਾਣ ਰਹੇ ਤੇ ਇਨ੍ਹਾਂ ਦੀ ਖੋਜ ਤੇ ਮੇਹਨਤ ਕਰਨ ਦੀ ਪ੍ਰੇਰਨਾ ਰਹੇ।

**ਨੋਟ** : ਰਾਗ ਮਾਲਾ ਦੇ ਮੰਡਨ ਵਿਚ ਮੇਰਾ ਲਿਖਿਆ ਵਿਸਥਾਰ ਪੂਰਬਿਕ ਲੇਖ ਮੇਰੀ ਰਚਿਤ '**ਕਮਲ ਬਿਗਾਸਨ**' ਪੁਸਤਕ ਚੋਂ ਪਾਠਕ ਜਨ ਪੜ੍ਹ ਸਕਦੇ ਹੈਨ।

ਕਈ ਦਿਮਾਗਾ ਵਿਚ ਇਹ ਸੁਵਾਲ ਭੀ ਪੈਦਾ ਹੁੰਦਾ ਹੈ ਕਿ ਫਿਰ ਸਤਿਗੁਰਾਂ ਨੇ ਕੇਵਲ ਗਿਣਤੀ ਦੇ ਰਾਗਾਂ ਵਿਚ ਹੀ ਕਿਉਂ ਬਾਣੀ ਉਚਾਰਨ ਕੀਤੀ। ਇਸ ਦਾ ਠੀਕ ਉਤਰ ਤਾਂ ਸਤਿਗੁਰੂ ਸਾਹਿਬਾਨ ਜੀ ਆਪ ਹੀ ਜਾਨਣ। ਤੁੱਛ ਬੁੱਧੀ ਅਨੁਸਾਰ ਇਹ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਹੋਰ ਸੰਗੀਤਕਾਰ ਭਾਵੇਂ ਬਹੁਤ ਸਾਰੇ ਰਾਗ ਗਾਉਣ ਦੀ ਸਿਖਸ਼ਾ ਪ੍ਰਾਪਤ ਕਰ ਲੈਂਦੇ ਹਨ ਪਰ ਉਨ੍ਹਾਂ ਸਿਖੇ ਹੋਏ ਰਾਗਾਂ ਵਿਚੋਂ ਕੁਝ ਰਾਗ ਉਨ੍ਹਾਂ ਗਵਯੀਆਂ ਦੇ ਅਤੀ ਹੀ ਮਨ ਪਸੰਦ ਦੇ ਰਾਗ ਹੁੰਦੇ ਹਨ। ਹੋਰ ਰਾਗਾਂ ਨਾਲੋਂ ਜਿਸ ਵਕਤ ਉਹ ਆਪਣੀ ਮਨ ਪਸੰਦ ਦੇ ਰਾਗ ਗਾਉਂਦੇ ਹਨ ਤਾਂ ਉਹ ਖੁੱਦ ਭੀ ਬਹੁਤ ਮਸਤ ਹੋ ਕੇ ਗਾਉਂਦੇ ਹਨ ਤੇ ਸ੍ਰੋਤੇ ਭੀ ਸੰਗੀਤਕਾਰਾਂ ਦੇ ਆਪਣੀ ਮਨ ਪਸੰਦ ਦੇ ਰਾਗਾਂ ਨੂੰ ਸੁਣਕੇ ਅਤੀ ਹੀ ਅਨੰਦ ਪ੍ਰਾਪਤ ਕਰਦੇ ਹੈਨ। ਸਾਡੇ ਸਰਬ ਕਲਾ ਸਮਰੱਥ ਸਤਿਗੁਰੂ ਸਾਹਿਬਾਨ ਭਾਵੇਂ ਸਭ ਰਾਗਾਂ ਨੂੰ ਗਾਉਣ ਦੀ ਸਮਰਥਾ ਰਖਦੇ ਸਨ ਪਰ ਜਿਨ੍ਹਾਂ ਰਾਗਾਂ ਵਿਚ ਗੁਰੂ ਸਾਹਿਬਾਨ ਨੇ ਬਾਣੀ ਉਚਾਰਨ ਕੀਤੀ ਹੋ ਸਕਦਾ ਹੈ ਉਹ ਰਾਗ ਉਨ੍ਹਾਂ ਦੇ ਅਤੀ ਹੀ ਮਨ ਭਾਉਂਦੇ ਰਾਗ ਹੋਣ।

ਇਕ ਹੋਰ ਗੱਲ ਭੀ ਵਿਚਾਰ ਗੋਚਰੇ ਹੈ। ਗੁਰੂ ਸਾਹਿਬਾਨ ਨੇ ਬਾਣੀ ਕਿਸੇ ਨਾ ਕਿਸੇ ਦੇ ਪਰਥਾਇ ਕਰਕੇ ਉਚਾਰਨ ਕੀਤੀ ਹੈ, ਖਾਸ ਕਰਕੇ ਪਹਿਲੀ ਪਾਤਸ਼ਾਹੀ ਉਦਾਸੀਆਂ ਸਮੇਂ ਬਹੁਤ ਸਾਰੇ ਲੋਕਾਂ ਪਾਸ ਆਪ ਚਲ ਕੇ ਗਏ ਜਾਂ ਹਜ਼ੂਰ ਪਾਸ ਲੋਕ ਚਲਕੇ ਆਏ ਤੇ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਉਪਦੇਸ਼ ਦੇਣ ਲਈ ਬਾਣੀ ਉਚਾਰੀ ਤੇ ਕੀਰਤਨ ਕੀਤਾ। ਇਹ ਹੋ ਸਕਦਾ ਹੈ ਕਿ ਜਿਸ ਵਕਤ ਸਤਿਗੁਰੂ ਜੀ ਨੇ ਕਿਸੇ ਨ ਕਿਸੇ ਵਿਅਕਤੀ ਨੂੰ ਮੁਖਾਤਬ ਕਰਕੇ ਉਪਦੇਸ਼ ਦੇਣ ਲਈ ਬਾਣੀ ਉਚਾਰੀ ਹੋਵੇ ਉਸ ਵਕਤ ਉਸੇ ਹੀ ਰਾਗ ਦੇ ਗਾਉਣ ਦਾ ਸਮਾ ਹੋਵੇ ਅਤੇ ਉਹ ਰਾਗ ਭੀ ਸਤਿਗੁਰੂ ਜੀ ਦਾ ਅਤੀ ਪਿਆਰਾ ਰਾਗ ਹੋਵੇ ਜਿਹੜਾ ਕਿ ਅਸੀਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪੜ੍ਹ ਸੁਣ

ਰਹੇ ਹਾਂ।

ਇਹ ਭੀ ਵੀਚਾਰ ਹੈ ਕਿ ਜਿਵੇਂ ਸਿਆਣਾ ਵੈਦ ਡਾਕਟਰ ਹੀ ਜਾਣਦਾ ਹੈ ਕਿ ਕਿਹੜੀ ਕਿਹੜੀ ਦਵਾਈ ਦਾ ਮੇਲ ਕੀਤਿਆਂ ਰੋਗੀ ਦਾ ਰੋਗ ਜਲਦੀ ਦੂਰ ਹੋ ਸਕਦਾ ਹੈ ਇਸ ਤਰ੍ਹਾਂ ਕਿਸੇ ਆਤਮਕ ਰੋਗੀ ਦੇ ਪਰਥਾਏ ਬਾਣੀ ਦਾ ਕੀਰਤਨ ਕਰਨ ਸਮੇਂ ਉਸ ਵਕਤ ਅਰਸ਼ੀ ਵੈਦ ਸਤਿਗੁਰੂ ਜੀ ਹੀ ਜਾਣਦੇ ਹੋਣਗੇ ਕਿ ਕਿਸ ਰਾਗ ਵਿਚ ਬਾਣੀ ਦੇ ਮੇਲ ਕੀਤਿਆਂ ਇਸ ਆਤਮਿਕ ਰੋਗੀ ਦਾ ਰੋਗ ਦੂਰ ਹੋ ਸਕੇਗਾ।

ਪੁਰਾਤਨ ਰੀਤਾਂ ਦੀ ਬਹੁਤੀ ਗਿਣਤੀ ਉਨ੍ਹਾਂ ਹੀ ਰਾਗਾਂ ਵਿਚ ਹੈ ਜਿਨ੍ਹਾਂ ਵਿਚ ਬਾਣੀ ਉਚਾਰੀ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਬਹੁਤ ਰੀਤਾਂ ਦੀ ਬੰਦਸ਼ ਸਤਿਗੁਰੂ ਸਾਹਿਬਾਨ ਜੀ ਦੀ ਆਪਣੀ ਹੈ। ਰਬਾਬੀ ਤੇ ਰਾਗੀ ਉਹ ਬੰਦਸ਼ਾਂ ਰੀਤਾਂ ਭੀ ਗਾਇਆ ਕਰਦੇ ਸੀ ਤੇ ਉਨ੍ਹਾਂ ਬੰਦਸ਼ਾਂ ਨਾਲ ਮਿਲਦੀਆਂ ਜੁਲਦੀਆਂ ਹੋਰ ਰੀਤਾਂ ਦੀਆਂ ਬੰਦਸ਼ਾਂ ਕਰਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਸੁਣਾ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਿਆ ਕਰਦੇ ਸਨ। ਜਿਨ੍ਹਾਂ ਰਾਗਾਂ ਵਿਚ ਗੁਰੂ ਸਾਹਿਬਾਨ ਨੇ ਬਾਣੀ ਉਚਾਰੀ ਉਨ੍ਹਾਂ ਹੀ ਰਾਗਾਂ ਵਿਚ ਉਸੇ ਰਾਗ ਦੇ ਸ਼ਬਦ ਨੂੰ ਗਾਉਣ ਸਮੇਂ ਕੀਰਤਨੀਆਂ ਦਾ ਧਿਆਨ ਉਸੇ ਪਾਤਸ਼ਾਹੀ ਦੇ ਚਰਨ ਕਮਲਾਂ ਵਿਚ ਜਾਂਦਾ ਤੇ ਸਤਿਗੁਰੂ ਜੀ ਦੀ ਪਵਿਤਰ ਪਾਵਨ ਯਾਦ ਭੀ ਕੀਰਤਨੀਆਂ ਦੇ ਮਨਾਂ ਵਿਚ ਉਸ ਵਕਤ ਇਕ ਅਤੀ ਆਤਮਿਕ ਅਨੰਦ ਦਾ ਹੁਲਾਰਾ ਪੈਦਾ ਕਰ ਦੇਂਦੀ। ਜਿਸ ਦਾ ਪ੍ਰਭਾਵ ਸੂਖਸ਼ਮ ਬਿਰਤੀ ਵਾਲੇ ਸ੍ਰੋਤੇ ਭੀ ਮਹਿਸੂਸ ਕਰਿਆ ਕਰਦੇ ਸਨ। ਇਸ ਸਾਰੀ ਵੀਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਾਵੇਂ ਪੁਰਾਤਨ ਰੀਤਾਂ ਦੀ ਬਹੁ ਗਿਣਤੀ ਉਨ੍ਹਾਂ ਹੀ ਰਾਗਾਂ ਵਿਚ ਹੈ ਜਿਨ੍ਹਾਂ ਵਿਚ ਬਾਣੀ ਉਚਾਰਨ ਕੀਤੀ ਗਈ ਹੈ ਤੇ ਥੋੜੀਆਂ ਪੁਰਾਤਨ ਰੀਤਾਂ ਦੂਜੇ ਰਾਗਾਂ ਵਿਚ ਭੀ ਹਨ ਉਹ ਬੰਦਸ਼ਾਂ ਭੀ ਸੰਗੀਤਕ ਨਜ਼ਰੀਏ ਨਾਲ ਬਹੁਤ ਅਨੰਦ-ਦਾਇਕ ਹੈਨ ਪਰ ਗੁਰਸਿਖਾਂ ਨੂੰ ਸਤਿਗੁਰੂ ਜੀ ਨੇ ਸੰਗੀਤ ਵਿਦਿਆ ਦੇ ਛੇਤਰ ਵਿਚ ਕਿਸੇ ਹੱਦ ਵਿਚ ਨਹੀਂ ਬੰਨਿਆ। ਕੀਰਤਨੀਏ ਵਿਦਵਾਨ ਸੰਗੀਤਕਾਰ ਹੋਣੇ ਚਾਹੀਦੇ ਹਨ, ਇਸ ਲਈ ਉਹ ਹੋਰ ਰਾਗਾਂ ਵਿਚ ਭੀ ਮੇਹਨਤ ਕਰਕੇ ਉਨ੍ਹਾਂ ਵਿਚ ਗੁਰੂ ਸ਼ਬਦ ਨੂੰ ਗਾਇਨ ਕਰ ਸਕਦੇ ਹਨ। ਇਹੋ ਹੀ ਸਤਿਗੁਰੂਆਂ ਜੀ ਦਾ ਆਸ਼ਾ ਸੀ। ਦਸਮ ਪਾਤਸ਼ਾਹ ਜੀ ਦੀ ਰਚੀ ਬਾਣੀ ਵਿਚ ਬਿਅੰਤ ਰਾਗਾਂ ਤੇ ਤਾਲਾਂ ਦੇ ਜ਼ਿਕਰ ਤੋਂ ਪਹਿਲੇ ਸਤਿਗੁਰੂ ਸਾਹਿਬਾਨ ਦੇ ਇਸ ਆਸ਼ੇ ਦੀ ਪ੍ਰੋੜਤਾ ਹੋ ਜਾਂਦੀ ਹੈ।

## ਕੀਰਤਨ ਵਿਚ ਵਿਆਖਿਆ

ਕੀਰਤਨ ਵਿੱਚ ਵਿਆਖਿਆ ਕਰਨ ਦੀ ਰੀਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਚਲਤ ਕਰ ਦਿੱਤੀ ਸੀ। ਜਨਮ ਸਾਖੀ ਤੇ ਹੋਰ ਪੁਰਾਤਨ ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਵਿਅਕਤੀ ਨੂੰ ਉਪਦੇਸ਼ ਦੇਣ ਲਈ ਉਸ ਦੇ ਪਰਥਾਇ ਸ਼ਬਦ ਉਚਾਰਦੇ ਅਤੇ ਉਸ ਸ਼ਬਦ ਦਾ ਕੀਰਤਨ ਸ਼ੁਧ ਰਾਗ ਵਿਚ ਕਰਿਆ ਕਰਦੇ।

**ਨੋਟ** : ਐਸੀ ਮਰਯਾਦਾ ਭੀ ਨਹੀਂ ਸੀ ਕਿ ਜਦੋਂ ਭੀ ਕੋਈ ਪ੍ਰਮਾਰਥ ਦਾ ਢੂੰਡਾਊ ਔਂਦਾ ਸੀ ਉਸੇ ਵੇਲੇ ਸਤਿਗੁਰੂ ਨਵਾਂ ਸ਼ਬਦ ਰਚ ਕੇ ਗੌਣ ਲਗ ਪੈਂਦੇ ਸਨ।

ਸ਼ਬਦ ਦੇ ਭੋਗ ਪੈਣ ਉਪ੍ਰੰਤ ਉਥੇ ਆਏ ਸਜਨ ਨੂੰ ਵਾਰਤਾਲਾਪ ਬਚਨ ਬਿਲਾਸ ਦੁਵਾਰਾ ਸ਼ਬਦ ਦਾ ਭਾਵ ਦਸਦੇ ਅਤੇ ਹੋਰ ਆਤਮਿਕ ਸਿਖਿਆ ਦੇਂਦੇ। ਇਸ ਤਰ੍ਹਾਂ ਬਚਨ ਕਰਦਿਆਂ ਵਿਚੋਂ ਹੀ ਫਿਰ ਜਦੋਂ ਲੋੜ ਸਮਝਦੇ ਹੋਰ ਸ਼ਬਦ ਦਾ ਕੀਰਤਨ ਅਰੰਭ ਕਰ ਦੇਂਦੇ ਸਨ।

ਇਸ ਤਰ੍ਹਾਂ ਦੂਜੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤਕ ਦੀਵਾਨ ਸਜਦੇ ਤੇ ਰਬਾਬੀ ਤੇ ਗੁਰਸਿਖ ਰਾਗੀ ਕੀਰਤਨ ਕਰਦੇ। ਜਦੋਂ ਸਤਿਗੁਰੂ ਜੀ ਲੋੜ ਸਮਝਦੇ ਕੀਰਤਨ ਦੇ ਵਿਚ ਹੀ ਆਪ ਸੰਗਤ ਪ੍ਰਤੀ ਉਤਮ ਉਪਦੇਸ਼ ਦੇ ਬਚਨ ਸੁਣਾ ਦੇਂਦੇ ਫਿਰ ਕੀਰਤਨ ਦੀ ਆਗਿਆ ਦੇਂਦੇ ਤੇ ਕਦੇ ਆਪ ਬਾਣੀ ਰਚਕੇ ਕੀਰਤਨ ਦੁਵਾਰਾ ਸੰਗਤਾਂ ਨੂੰ ਨਿਹਾਲ ਕਰਦੇ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੀ ਕੀਰਤਨ ਕਰਨ ਵਾਲੇ ਸਜਣ ਭੀ ਜਾਂ ਭਾਈ ਗੁਰਦਾਸ ਜੈਸੇ ਮੁਖੀ ਵਿਦਵਾਨ ਗੁਰਸਿਖ ਭੀ ਕਥਾ ਵਿਆਖਿਆ ਰਾਹੀਂ ਸ਼ਬਦ ਦਾ ਭਾਵ ਅਰਥ ਤੇ ਗੁਰੂ ਘਰ ਦੀ ਵਡਿਆਈ ਦਾ ਕੋਈ ਬਚਨ ਅਥਵਾ ਆਤਮਿਕ ਉਪਦੇਸ਼ ਸੁਣਾ ਦੇਂਦੇ ਤੇ ਕੀਰਤਨ ਦਾ ਭੀ ਸਿਲਸਲਾ ਨਾਲ ਹੀ ਜਾਰੀ ਰਹਿੰਦਾ ਸੀ। ਸਤਿਗੁਰੂ ਜੀ ਦਾ ਬਚਨ ਹੈ : "**ਸੰਤਨ ਕੇ ਸੁਨੀਅਤ ਪ੍ਰਭ ਕੀ ਬਾਤ। ਕਥਾ ਕੀਰਤਨੁ ਅਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ।**"(ਬਿਲਾਵਲ ਮਹੱਲਾ ੫ ਪੰਨਾ ੮੨੦-੨੧) ਇਕ ਵਿਅਕਤੀ ਇਕ ਵੇਲੇ ਨਿਰਾ ਕੀਰਤਨ ਭੀ ਕਰ ਸਕਦਾ ਹੈ ਜਾਂ ਕੋਈ ਵਿਅਕਤੀ ਨਿਰੀ ਕਥਾ ਭੀ ਕਰ ਸਕਦਾ ਹੈ। ਕੋਈ ਵਿਅਕਤੀ ਇਕੋ ਸਮੇਂ ਕਥਾ ਤੇ ਕੀਰਤਨ ਦੋਨੋਂ ਭੀ ਕਰ ਸਕਦਾ ਹੈ। ਸਤਿਗੁਰੂ ਜੀ ਵਲੋਂ ਪ੍ਰਵਾਨਗੀ ਹੈ।

ਪਰ ਜਿਵੇਂ ਕੀਰਤਨ ਦੀ ਮਰਯਾਦਾ ਹੈ ਇਸੇ ਤਰ੍ਹਾਂ ਕੀਰਤਨ ਵਿਚ ਵਿਆਖਿਆ ਦੀ ਭੀ ਮਰਯਾਦਾ ਹੈ। ਪੁਰਾਣੇ ਵਕਤਾਂ ਵਿਚ ਲੋਗ ਭੀ ਸਿੱਧੇ

ਸਾਦੇ ਸੁਭਾਵ ਦੇ ਹੁੰਦੇ ਸਨ ਤੇ ਕੀਰਤਨੀਏ ਭੀ ਜਿਥੇ ਉਹ ਸੰਗੀਤ ਵਿਦਿਆ ਵਿਚ ਮਾਹਿਰ ਹੁੰਦੇ ਸੀ ਉਥੇ ਉਹ ਜਿਸ ਸ਼ਬਦ ਨੂੰ ਗਾਉਂਦੇ ਉਸ ਦੇ ਅਰਥ ਭੀ ਜਾਣਦੇ ਤੇ ਗੁਰਮਤਿ ਦੇ ਆਪ ਭੀ ਧਾਰਨੀ ਹੁੰਦੇ ਤੇ ਗੁਰਮਤਿ ਸਿਧਾਂਤਾਂ ਦੇ ਖੋਜੀ ਭੀ ਹੁੰਦੇ ਸਨ। ਇਸ. ਲਈ ਐਸੇ ਵਿਦਵਾਨ ਕੀਰਤਨੀਆਂ ਦੀ ਕੀਰਤਨ ਵਿਚ ਕੀਤੀ ਹੋਈ ਵਿਆਖਿਆ ਦਾ ਅਸਰ ਸੋਨੇ ਤੇ ਸੁਹਾਗੇ ਵਾਲਾ ਹੋ ਜਾਂਦਾ ਸੀ। ਸ੍ਰੋਤਿਆਂ ਦੇ ਮਨਾਂ ਵਿਚ ਗੁਰੂ ਤੇ ਪਰਮੇਸ਼ਰ ਦੇ ਪਿਆਰ ਦੀ ਚਿਣਗ ਪੈਦਾ ਹੋ ਜਾਂਦੀ ਸੀ। ਗੁਰਮਤਿ ਦਾ ਸਿਧਾਂਤ ਸੁਣ ਕੇ ਤੇ ਗਾਏ ਹੋਏ ਸ਼ਬਦ ਦੇ ਭਾਵ ਨੂੰ ਸੁਣ ਕੇ ਅਤੇ ਗੁਰੂ ਸਾਹਿਬ ਦੇ ਕੀਤੇ ਉਪਕਾਰ ਦੀ ਕੋਈ ਸਾਖੀ ਸੁਣ ਕੇ ਉਹ ਗੁਰਸਿਖੀ ਗ੍ਰਹਿਣ ਕਰਿਆ ਕਰਦੇ ਸਨ।

ਪਰ ਸਮੇਂ ਦੇ ਗੇੜ ਨਾਲ ਜਿਥੇ ਲੋਕਾਂ ਵਿਚ ਵਿਦਿਆ ਦੀ ਰੋਸ਼ਨੀ ਆ ਗਈ ਉਥੇ ਕੀਰਤਨੀਆਂ ਵਿਚੋਂ ਕੁਛ ਸਜਣਾਂ ਨੂੰ ਕੇਵਲ ਸੰਗੀਤ ਦੀ ਮੇਹਨਤ ਦਾ ਤਾਂ ਸ਼ੌਕ ਰਿਹਾ ਵਿਆਖਿਆ ਲਈ ਮੇਹਨਤ ਦਾ ਸ਼ੌਕ ਘੱਟ ਗਿਆ। ਬਾਣੀ ਦੇ ਅਰਥਾਂ ਦੀ ਸੂਝ ਬੂਝ ਤੇ ਗੁਰਮਤਿ ਦੇ ਸਿਧਾਂਤ ਦੀ ਖੋਜ ਪੜਤਾਲ ਤੋਂ ਬਿਨਾਂ ਉਹ ਲੋਕ ਕੀਰਤਨ ਵਿਚ ਉਟ ਪਟਾਂਗ ਹੀ ਗੱਲਾਂ ਕਰਨ ਲੱਗ ਪਏ ਜਾਂ ਕੁਝ ਕੀਰਤਨੀਏ ਜਿਨ੍ਹਾਂ ਪਾਸ ਸੰਗੀਤ ਵਿਦਿਆ ਦਾ ਭੰਡਾਰ ਨਹੀਂ ਸੀ ਮਾੜਾ ਮੋਟਾ ਸ਼ਬਦ ਗਾ ਕੇ ਸਾਰਾ ਸਮਾਂ ਗੱਲਾਂ ਬਾਤਾਂ ਵਿਚ ਹੀ ਪੂਰਾ ਕਰਨ ਲਗ ਪਏ। ਸ੍ਰੋਤੇ ਨਾ ਹੀ ਕੀਰਤਨ ਦਾ ਰਸ ਤੇ ਨਾ ਹੀ ਕਥਾ ਦਾ ਰੱਸ ਮਾਣ ਸਕਦੇ ਸਨ। ਇਸ ਲਈ ਸ੍ਰੋਤਾ ਜਨ ਦੀ ਮੰਗ ਕੀਰਤਨ ਵਿਚ ਵਿਆਖਿਆ ਦੇ ਬੰਦ ਕਰਨ ਦੀ ਵੱਧ ਗਈ।

ਦੀਰਘ ਦ੍ਰਿਸ਼ਟੀ ਨਾਲ ਸੋਚਿਆ ਜਾਵੇ ਅਤੇ ਪੁਰਾਤਨ ਸਮੇ ਤੇ ਭੀ ਝਾਤੀ ਮਾਰੀ ਜਾਵੇ ਤਾਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਗੁਰਮਤਿ ਦੇ ਪ੍ਰਚਾਰ ਲਈ ਕੀਰਤਨ ਵਿਚ ਵਿਆਖਿਆ ਦਾ ਹੋਣਾ ਅਤੀ ਹੀ ਜ਼ਰੂਰੀ ਹੈ। ਪੁਰਾਤਨ ਕੀਰਤਨ ਤੇ ਵਿਆਖਿਆ ਕਰਨ ਵਾਲੇ ਬਜ਼ੁਰਗਾਂ ਦੇ ਇਹ ਵਿਚਾਰ ਹੈਨ। ਕੀਰਤਨ ਵਿਚ ਜਿਸ ਸ਼ਬਦ ਦਾ ਕੀਰਤਨ ਕੀਤਾ ਜਾਵੇ ਉਸ ਸ਼ਬਦ ਦਾ ਸੰਖੇਪ ਭਾਵ ਅਰਥ ਤੇ ਗੁਰੂ ਜਸ ਦੀ ਕੋਈ ਸਾਖੀ ਥੋੜੇ ਸਮੇਂ ਵਿਚ ਹੀ ਸੁਣਾਈ ਜਾਵੇ ਕੀਰਤਨ ਵਿਚ ਸਮੇਂ ਦੀ ਵੰਡ ਅਨੁਸਾਰ ਵਿਆਖਿਆ ਕੇਵਲ 1/4 ਹਿਸਾ ਹੀ ਕੀਤੀ ਜਾਵੇ। ਜਿਸ ਕੀਰਤਨੀਏ ਨੂੰ ਵਿਆਖਿਆ ਦਾ ਭੀ ਸ਼ੌਕ ਹੈ ਉਹ ਬਾਣੀ ਦੇ ਸੰਖੇਪ ਭਾਵ ਅਰਥਾਂ ਨੂੰ ਸਮਝਣ ਦੀ ਭੀ ਕੋਸ਼ਿਸ਼ ਕਰੇ ਤੇ ਗੁਰਮਤਿ ਦੇ ਸਿਧਾਂਤ ਅਨੁਸਾਰ ਐਸੀ ਸਾਖੀ ਸੁਣਾਵੇ ਜਿਸ ਨਾਲ ਕਿ ਸ੍ਰੋਤਿਆਂ ਦੇ ਮਨਾਂ ਵਿਚ ਗੁਰਸਿਖੀ ਦੀ ਪ੍ਰੇਰਨਾ ਪੈਦਾ ਹੋਵੇ। ਜੋ ਸਾਖੀਆਂ ਗੁਰਬਾਣੀ ਦੀ ਕਸਵੱਟੀ

ਤੇ ਪੂਰੀਆਂ ਨਹੀਂ ਉਤਰਦੀਆਂ ਉਨ੍ਹਾਂ ਨੂੰ ਸੁਣੰਣ ਤੋਂ ਪਰਹੇਜ਼ ਕਰੋ।

ਵਿਆਖਿਆ ਲਈ ਗੁਰਬਾਣੀ ਦੇ ਭਾਵ ਅਰਥ ਦੀ ਸਮਝ, ਗੁਰ ਇਤਿਹਾਸ ਦੀ ਵਾਕਫੀ, ਗੁਰਮੁਖਾਂ ਗੁਰਸਿਖਾਂ ਦੇ ਜੀਵਨ ਦੀ ਵਾਕਫੀ ਤੇ ਦੂਜੇ ਮਤਾਂ ਬਾਰੇ ਭੀ ਕੁਝ ਗਿਆਨ ਜਾਨਣਾ ਅਤੀ ਜ਼ਰੂਰੀ ਹੈ। ਜੇ ਕੀਰਤਨੀਆ ਇਹ ਪ੍ਰਾਪਤੀਆਂ ਨਹੀਂ ਕਰ ਸਕਦਾ ਉਸ ਨੂੰ ਕੀਰਤਨ ਵਿਚ ਵਿਆਖਿਆ ਨਹੀਂ ਕਰਨੀ ਚਾਹੀਦੀ। ਉਸ ਦੀ ਵਿਆਖਿਆ ਗੁਰਮਤਿ ਦੇ ਪ੍ਰਚਾਰ ਲਈ ਲਾਭ ਦੀ ਥਾਂ ਹਾਨੀਕਾਰਕ ਹੈ। ਕੁਝ ਕੀਰਤਨੀਏ ਵਿਆਖਿਆ ਵਿਚ ਵਿੰਗੇ-ਟੇਢੇ ਤਰੀਕੇ ਨਾਲ ਆਪਣਾ ਸੁਆਰਥ ਬਿਆਨ ਕਰ ਜਾਂਦੇ ਹਨ ਜੋ ਕਿ ਨਹੀਂ ਹੋਣਾ ਚਾਹੀਦਾ ਅਤੇ ਕੁਝ ਐਸੇ ਸਜਣ ਜਿਨ੍ਹਾਂ ਨੂੰ ਕਿਸੇ ਮਹਾਤਮਾਂ ਦੀ ਸੰਗਤ ਵਿਚ ਕੁਝ ਸਮਾਂ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ ਉਹ ਵਿਆਖਿਆ ਵਿਚ ਅਕਸਰ ਐਸੇ ਬਚਨ ਕਰਦੇ ਹਨ ਕਿ ਸਾਡੇ ਸੰਤ ਇਹ ਬਚਨ ਕਰਿਆ ਕਰਦੇ ਸਨ, ਸਾਡੇ ਬਾਬਾ ਜੀ ਇਹ ਬਚਨ ਕਹਿਆ ਕਰਦੇ ਸਨ, ਸਾਡੇ ਮਹਾਂਪੁਰਸ਼ ਇਹ ਬਚਨ ਕਰਿਆ ਕਰਦੇ ਸਨ। ਉਹਨਾਂ ਨੇ ਕਦੇ ਇਹ ਵਿਆਖਿਆ ਨਹੀਂ ਕੀਤੀ ਕਿ ਸਾਡੇ ਸਤਿਗੁਰੂ ਜੀ ਦੀ ਇਹ ਸਿਖਿਆ ਹੈ। ਐਸੇ ਸਜਨਾਂ ਦੀ ਵਿਆਖਿਆ ਦੀ ਗਹਿਰਾਈ ਅੰਦਰ ਭੀ ਉਨ੍ਹਾਂ ਦੀ ਇਹੋ ਗਰਜ਼ ਛਿਪੀ ਹੁੰਦੀ ਹੈ ਕਿ ਸੁਣਨ ਵਾਲੇ ਵੱਧ ਤੋਂ ਵੱਧ ਉਸ ਸੰਪ੍ਰਦਾਇ ਦੇ ਸ਼ਰਧਾਲੂ ਬਣ ਜਾਣ ਤੇ ਐਸੇ ਕੀਰਤਨੀਏ ਦੇ ਪੁਜਾਰੀ ਸੇਵਕ ਬਣ ਜਾਣ ਤਾਂ ਕਿ ਉਸ ਨੂੰ ਦੁਨਿਆਵੀ ਲਾਭ ਚੋਖਾ ਪ੍ਰਾਪਤ ਹੋ ਸਕੇ। ਐਸਾ ਕਰਨਾ ਭੀ ਗੁਰਮਤਿ ਅਸੂਲਾਂ ਦੇ ਅਨੁਕੂਲ ਨਹੀਂ ਹੈ।

ਸ੍ਰੋਤਿਆਂ ਦਾ ਭੀ ਫਰਜ਼ ਬਣਦਾ ਹੈ ਕਿ ਉਹ ਸੂਝਵਾਨ ਹੋਵਣ ਤੇ ਉਹ ਸਮਝ ਸਕਣ ਕਿ ਵਿਆਖਿਆ ਗੁਰਮਤਿ ਦੇ ਅਸੂਲਾਂ ਅਨੁਸਾਰ ਹੋ ਰਹੀ ਹੈ ਜਾਂ ਕਿ ਇਸ ਵਿਚ ਕੋਈ ਖੁਦਗਰਜ਼ੀ ਅਥਵਾ ਪ੍ਰਪੰਚ ਵਾਲੀ ਕੋਈ ਗਲ ਛਿਪੀ ਹੋਈ ਹੈ। ਸਿੰਘ ਸਭਾ ਦੀ ਲਹਿਰ ਸਮੇਂ ਜੋ ਕੀਰਤਨੀਏ ਵਿਆਖਿਆ ਲਈ ਭੀ ਪੂਰੀ ਮੇਹਨਤ ਕਰਕੇ ਕੀਰਤਨ ਵਿਚ ਵਿਆਖਿਆ ਕਰਦੇ ਸਨ ਉਨ੍ਹਾਂ ਨੇ ਸਿਖੀ ਦੇ ਪ੍ਰਚਾਰ ਵਿਚ ਬਹੁਤ ਵਡੀਆਂ ਸੇਵਾਵਾਂ ਕੀਤੀਆਂ ਸਨ। ਹਜ਼ਾਰਾਂ ਲੋਕਾਂ ਨੇ ਐਸੇ ਸਜਣਾਂ ਦੀ ਵਿਆਖਿਆ ਸੁਣਨ ਕਰਕੇ ਸਿਖੀ ਧਾਰਨ ਕੀਤੀ ਤੇ ਅੰਮ੍ਰਿਤ ਛਕਿਆ। ਸ਼ਬਦ ਦੇ ਕੀਰਤਨ ਨਾਲ ਸ੍ਰੋਤਿਆਂ ਦੇ ਮਨਾਂ ਵਿਚ ਕੋਮਲਤਾ ਆ ਜਾਂਦੀ ਹੈ ਤੇ ਉਸ ਸਮੇਂ ਸਿਆਣੇ ਕੀਰਤਨੀਏ ਦਾ ਵਿਆਖਿਆ ਰਾਹੀਂ ਕੀਤਾ ਗੁਰਮਤ ਦੇ ਅਸੂਲ ਦਾ ਬਚਨ ਕੋਮਲ ਹੋਏ ਮਨਾਂ ਵਿਚ ਬਹੁਤ ਡੂੰਘਾ ਅਸਰ ਕਰ ਜਾਂਦਾ ਹੈ। ਪੰਥ ਦੇ ਹੋ ਚੁਕੇ ਮਹਾਨ ਲੀਡਰ ਜਥੇਦਾਰ

ਉਧਮ ਸਿੰਘ ਜੀ ਨਾਗੋਕੇ ਤੇ ਜਥੇਦਾਰ ਮੋਹਨ ਸਿੰਘ ਜੀ ਆਦਕ ਹਸਤੀਆਂ ਨੇ ਸਿੰਘ ਸਭਾ ਦੀ ਲਹਿਰ ਵਿਚ ਮੇਰੇ ਪਿਤਾ ਜੀ ਪਾਸੋਂ ਕੀਰਤਨ ਤੇ ਵਿਆਖਿਆ ਸੁਣ ਕੇ ਅੰਮ੍ਰਿਤ ਛਕਿਆ ਸੀ। ਪੰਥ ਵਿਚ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਫਰੂਕੇ ਵਾਲੇ ਵਰਗੇ ਅਤੇ ਭਾਈ ਸਾਹਿਬ ਭਾਈ ਸੁੱਧ ਸਿੰਘ ਪਰਧਾਨ ਸਿੰਘ ਜੀ ਵਰਗੇ ਕੀਰਤਨੀਆਂ ਦੀ ਵਿਆਖਿਆ ਸੁਣ ਕੇ ਹੀ ਹਜਾਰਾਂ ਲੋਕਾਂ ਨੇ ਸਿਖੀ ਧਾਰਨ ਕੀਤੀ ਸੀ।

ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧ ਵਿਚ ਸਰਵਿਸ ਕਰਨ ਵਾਲੇ ਕੀਰਤਨੀਆਂ ਨੂੰ ਵਿਆਖਿਆ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ ਕਿਉਂਕਿ ਇਤਿਹਾਸਕ ਗੁਰਦੁਵਾਰਿਆਂ ਅੰਦਰ ਗੁਰਸਿਖ ਸ਼ਰਧਾਲੂ ਜ਼ਰੂਰ ਆਇਆ ਹੀ ਕਰਦੇ ਹਨ ਤੇ ਉਹ ਆਪਣੇ ਗਿਣੇ ਮਿਥੇ ਪ੍ਰੋਗਰਾਮ ਤੇ ਬਜਟ ਅਨੁਸਾਰ ਕੁਝ ਸਮਾਂ ਬੈਠ ਕੇ ਕੀਰਤਨ ਸੁਣਦੇ ਤੇ ਕੀਰਤਨੀਆਂ ਦੀ ਸੇਵਾ ਕਰਦੇ ਰਹਿੰਦੇ ਹਨ। ਪਰ ਸਰਵਿਸ ਤੋਂ ਆਜ਼ਾਦ ਜਥਿਆਂ ਨੂੰ ਵਿਆਖਿਆ ਜ਼ਰੂਰੀ ਕਰਨੀ ਪੈਂਦੀ ਹੈ। ਦੋ ਮਿਸਾਲਾਂ ਮੇਰੇ ਸਾਹਮਣੇ ਹੈਨ। ਸੱਚ ਖੰਡ ਵਾਸੀ ਭਾਈ ਸਮੁੰਦ ਸਿੰਘ ਜੀ ਮਹਾਨ ਸੰਗੀਤਕਾਰ ਕੀਰਤਨੀਏ ਸਨ ਅਤੇ ਭਾਈ ਸੁਰਜਨ ਸਿੰਘ ਜੀ ਜੀਹਨਾਂ ਦੇ ਕੀਰਤਨ ਦਾ ਅਲੌਕਿਕ ਅਨੰਦ ਹੁੰਦਾ ਸੀ ਪਰ ਸਰਵਿਸ ਤੋ ਮੁਕਤਿ ਹੋਣ ਉਪ੍ਰੰਤ ਉਨਾਂ ਨੂੰ ਗੁਰਮਤ ਦੇ ਪਰਚਾਰ ਅਤੇ ਕੀਰਤਨ ਦੇ ਪ੍ਰਭਾਵ ਨੂੰ ਵਧੇਰੇ ਬਣੋਣ ਲਈ ਵਿਆਖਿਆ ਕਰਨੀ ਪਈ ਅਤੇ ਤਾ ਜਿੰਦਗੀ ਵਿਆਖਿਆ ਕਰਦੇ ਰਹੇ ਸਨ। ਮੇਰਾ ਜ਼ਾਤੀ ਤਜਰਬਾ ਭੀ ਹੈ U.K. ਕੈਨੇਡਾ ਤੇ USA ਮੁਲਕਾਂ ਵਿਚ ਕਈ ਵਾਰੀ ਗਏ ਅਤੇ ਉਥੇ ਦੇ ਪ੍ਰਬੰਧਕਾਂ ਦੇ ਮੂੰਹੋ ਇਹ ਸੁਣਦੇ ਸੀ ਕਿ ਬਹੁਤ ਬੀਬੀਆਂ, ਛੋਟੇ ਬਚੇ ਅਤੇ ਨੌਜਵਾਨ ਤਬਕਾ ਗੁਰਦੁਆਰੇ ਬਹੁਤ ਹੀ ਘੱਟ ਆਇਆ ਕਰਦੇ ਸਨ ਉਹ ਉਸ ਜਥੇ ਦੇ ਕੀਰਤਨ ਦੇ ਸਮੇਂ ਜ਼ਿਆਦਾ ਗਿਣਤੀ ਵਿਚ ਆਉਂਦੇ ਹਨ ਜਿਸ ਜਥੇ ਦੇ ਕੀਰਤਨ ਦੀ ਸਮਝ ਆ ਜਾਂਦੀ ਹੈ ਕਿਉਂਕਿ ਜੱਥੇ ਵਾਲੇ ਕੀਰਤਨ ਵਿਚ ਸ਼ਬਦ ਦੇ ਭਾਵ ਅਰਥ ਤੇ ਗੁਰ ਇਤਿਹਾਸ ਚੰਗੇ ਤਰੀਕੇ ਨਾਲ ਸੁਣਾ ਦੇਂਦੇ ਹਨ। ਐਸੇ ਨੌਜਵਾਨ ਤਬਕੇ ਵਿਚੋਂ ਹੀ ਬਹੁਤੇ ਕੇਸ ਰੱਖ ਲੈਂਦੇ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਂਦੇ ਸਨ। ਸੋ ਸਾਡਾ ਵਿਚਾਰ ਹੈ ਕਿ ਕੀਰਤਨ ਵਿਚ ਵਿਆਖਿਆ ਗੁਰਸਿਖੀ ਦੇ ਪ੍ਰਚਾਰ ਦੇ ਲਾਭ ਲਈ ਅਤੀ ਜ਼ਰੂਰੀ ਹੈ। ਪਰ ਕੀਰਤਨੀਆਂ ਵਿਆਖਿਆ ਗੁਰਮਤ ਦੇ ਸਿਧਾਂਤ ਦੀ ਹੀ ਕਰੇ ਤੇ ਪੂਰੀ ਖੋਜ ਤੇ ਮਿਹਨਤ ਕਰਕੇ ਕਰੇ। ਜੇਕਰ ਐਸਾ ਕਰਨ ਤੋਂ ਉਹ ਅਸਮਰਥ ਹੈ ਤਾਂ ਉਹ ਕੇਵਲ ਕੀਰਤਨ ਹੀ ਕਰੇ, ਵਿਆਖਿਆ ਨਾ ਕਰੇ।

## ਸ਼ਬਦ ਭੇਟਾ, ਨਿਸ਼ਕਾਮ ਤੇ ਸੁਕਾਮ ਕੀਰਤਨ

ਸਤਿਗੁਰੂ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਬਖਸ਼ਿਸ਼ ਤੇ ਪ੍ਰੇਰਨਾ ਦਾ ਸਦਕਾ ਰਬਾਬੀਆਂ ਤੋਂ ਇਲਾਵਾ ਗੁਰਸਿਖਾਂ ਅੰਦਰ ਭੀ ਕੀਰਤਨ ਦੀ ਰੁਚੀ ਪੈਦਾ ਹੋ ਗਈ। ਹੌਲੇ ਹੌਲੇ ਬਹੁਤ ਸਾਰੇ ਗੁਰਸਿਖ ਭੀ ਸੰਗੀਤ ਵਿਦਿਆ ਵਿਚ ਪ੍ਰਬੀਨ ਹੋਕੇ ਕੀਰਤਨ ਦੀ ਸੇਵਾ ਕਰਨ ਲਗ ਪਏ। ਜਦ ਤਕ ਸ੍ਰੋਤਿਆਂ ਦੇ ਕੰਨ ਰਸ ਰੇਡੀਓ, ਫਿਲਮਾਂ ਆਦਿ ਦੇ ਸੰਗੀਤ ਨਾਲ ਘਟੀਆ ਨਹੀਂ ਸੀ ਹੋਏ, ਸਿੱਖ ਜਗਤ ਵਿਚ ਵਿਦਵਾਨ ਕੀਰਤਨੀਏ ਹੀ ਕੀਰਤਨ ਦੀ ਸੇਵਾ ਕਰਦੇ ਆਏ। ਜਿਥੇ ਕੋਈ ਵਿਦਵਾਨ ਕੀਰਤਨੀਆ ਨਾ ਮਿਲ ਸਕਿਆ ਉਥੇ ਭਾਵੇਂ ਸੰਗਤਾਂ ਢੋਲਕੀ ਛੈਣਿਆਂ ਨਾਲ ਸਿਧੀਆਂ ਧਾਰਨਾਂ ਤੇ ਸ਼ਬਦ ਗਾ ਕੇ ਗੁਰਬਾਣੀ ਦਾ ਆਨੰਦ ਮਾਣ ਲੈਂਦੀਆਂ ਸਨ। ਪਰ ਤਰਜੀਹ ਰਾਗ ਵਿਚ ਕੀਤੇ ਕੀਰਤਨ ਨੂੰ ਹੀ ਦਿੱਤੀ ਜਾਂਦੀ ਸੀ।

ਜਿਸ ਤਰ੍ਹਾਂ ਸੰਸਾਰ ਅੰਦਰ ਹੋਰ ਵਿਦਿਆ ਡਾਕਟਰੀ, ਇੰਜੀਨੀਅਰੀ ਅਥਵਾ ਪੀ.ਐਚ.ਡੀ. ਲਈ ਹੋਰ ਸਾਰੇ ਧੰਦੇ ਛੱਡ ਕੇ ਵਿਦਿਆਰਥੀ ਨੂੰ ਮਨ ਮਾਰ ਕੇ ਮੇਹਨਤ ਕਰਨੀ ਪੈਂਦੀ ਹੈ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਵਾਨ ਪ੍ਰੋਫੈਸਰਾਂ ਦੀ ਸਹਾਇਤਾ ਲੈਣੀ ਪੈਂਦੀ ਹੈ। ਇਸੇ ਤਰ੍ਹਾਂ ਕੀਰਤਨ ਦੀ ਵਿਦਿਆ ਲਈ ਭੀ ਨਿਪੁੰਨ ਹੋਣ ਲਈ ਹੋਰ ਧੰਦੇ ਛੱਡ ਕੇ ਇਸੇ ਪਾਸੇ ਜੀਵਨ ਲਾਉਣਾ ਪੈਂਦਾ ਹੈ। ਸੰਗੀਤ ਦੀ ਮੇਹਨਤ, ਰਿਆਜ਼ ਤੇ ਰਾਗਾਂ ਦੀ ਥਿਊਰੀ ਦਾ ਗਿਆਨ, ਆਦ ਤੇ ਦਸਮ ਬਾਣੀ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਵਿਚੋਂ ਵੀ ਬੇਅੰਤ ਬਾਣੀ ਜ਼ਬਾਨੀ ਕੰਠ ਕਰਕੇ ਗਾਉਣੀ, ਗੁਰਬਾਣੀ ਦੇ ਅਰਥ ਤਥਾ ਗੁਰ ਇਤਿਹਾਸ ਤੇ ਦੂਜੇ ਮਤਾਂ ਬਾਰੇ ਵਾਕਫੀ ਪ੍ਰਾਪਤ ਕਰਨ ਲਈ ਬਹੁਤ ਕਠਿਨ ਮੇਹਨਤ ਕਰਨੀ ਪੈਂਦੀ ਸੀ। ਦਿਮਾਗ ਭੀ ਖੋਖਲੇ ਹੋ ਜਾਂਦੇ ਸਨ। ਪ੍ਰਾਚੀਨ ਸਮੇਂ ਕੁਝ ਕੀਰਤਨੀਏ ਐਸੇ ਭੀ ਸੁਣੀਂਦੇ ਸਨ ਜਿਨ੍ਹਾਂ ਨੂੰ ਕਰੀਬਨ ਸਾਰੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੰਠ ਸੀ ਤੇ ਸਾਰੇ ਸ਼ਬਦਾਂ ਦੀਆਂ ਰੀਤਾਂ ਵਡੇ ਛੋਟੇ ਤਾਰਾਂ ਵਿਚ ਗਾਇਆ ਕਰਦੇ ਸੀ। ਪੜਤਾਲਾਂ, ਧੁਨੀਆ, ਧਰੁਪਦ ਆਦਕਾਂ ਬੇਅੰਤ ਬੰਦਸ਼ਾ ਨੂੰ ਤਾਲਾਂ ਸਮੇਤ ਦਿਮਾਗ ਦੇ ਭੰਡਾਰ ਵਿਚ ਸੰਭਾਲਣਾ ਤੇ ਉਨਾਂ ਰੀਤਾਂ ਨੂੰ ਤਾਜ਼ਾ ਰਖਣਾ ਕੋਈ ਸੋਖਾ ਕੰਮ ਨਹੀਂ ਹੈ। ਇਸ ਸਾਰੀ ਵਿਦਿਆ ਨੂੰ ਤਾਜਾ ਰਖਣ ਲਈ ਤੇ ਸੰਗਤਾਂ ਦੀ ਸ੍ਰੋਤ ਨੂੰ ਬਲਵਾਨ ਕਰਨ ਲਈ ਭੀ ਕਾਫੀ ਮੇਹਨਤ ਚਾਹੀਏ। ਸਤਿਗੁਰੂ ਸਾਹਿਬਾਨ ਦੀ ਇਛਾ ਭੀ ਏਹੋ ਸੀ ਗੁਰਦੇਵ ਜੀ ਦੀ ਈਹੋ ਸਿਖਿਆ ਹੈ **ਧੰਨ ਧੰਨ ਭਾਗ ਤਿਨਾ ਸਾਧ ਜਨਾ ਜੋ ਕੀਰਤਨੁ ਗਾਇ ਗੁਣੀ ਜਨ**

ਬਣਤਿਆ। (ਪਉੜੀ ਸੋਰਠ ਕੀ ਵਾਰ ਪੰਨਾ ੬੪੦)

ਸੈਂਕੜੇ ਬਰਸਾਂ ਤੱਕ ਗੁਰਸਿਖ ਰਾਗੀ ਤੇ ਰਬਾਬੀ ਏਸ ਕਠਿਨ ਕੰਮ ਨੂੰ ਨਿਭਾਉਂਦੇ ਆਏ। ਕੁਝ ਸਾਲ ਪਹਿਲੋਂ ਕੀਰਤਨ ਦਾ ਢੰਗ ਬਹੁਤ ਤੇਜ਼ੀ ਨਾਲ ਬਦਲ ਗਿਆ ਤੇ ਬਦਲ ਰਿਹਾ ਹੈ। ਪੰਜਾਬੀ ਦੀ ਕਹਾਵਤ ਹੈ ਕਿ ਗਾਉਣਾ ਤੇ ਰੋਣਾ ਹਰ ਇਕ ਇਨਸਾਨ ਨੂੰ ਕੁਝ ਕੁਝ ਆਉਂਦਾ ਹੈ। ਕੁਝ ਧਾਰਮਿਕ ਰੁਚੀ ਵਾਲੇ ਸਜਣ ਜਿਨ੍ਹਾਂ ਨੂੰ ਕੁਦਰਤੀ ਆਵਾਜ਼ ਪ੍ਰਾਪਤ ਸੀ ਉਨ੍ਹਾਂ ਨੇ ਐਧਰੋਂ ਉਧਰੋਂ ਕੁਝ ਕੀਰਤਨੀਆਂ ਦੀਆਂ ਆਵਾਜ਼ਾਂ ਕੁਝ ਰੇਡੀਓ ਤੇ ਫਿਲਮੀ ਗੀਤਾਂ ਦੀਆਂ ਅਵਾਜ਼ਾਂ ਵਿਚੋਂ ਮਿਲ ਗੋਭਾ ਜਿਹਾ ਕਰਕੇ ਸੌਖੇ ਤਰੀਕੇ ਨਾਲ ਸ਼ਬਦ ਗਾਉਣੇ ਆਰੰਭ ਕੀਤੇ। ਉਨ੍ਹਾਂ ਦੀਆਂ ਰੀਤਾਂ ਗੁਰਮਤਿ ਸੰਗੀਤ ਦੀ ਥਿਊਰੀ ਦੇ ਅਨੁਕੂਲ ਨਹੀਂ ਹਨ। ਬਾਣੀ ਕੰਠ ਕਰਨ ਦੀ ਖੇਚਲ ਦੀ ਬਜਾਏ ਪੋਥੀਆਂ ਸਾਹਮਣੇ ਰੱਖ ਕੇ ਸੌਖਾ ਤਰੀਕਾ ਅਪਣਾਇਆ ਜਾਣ ਲਗਾ, ਪ੍ਰਮਾਣ ਭੀ ਕੁਝ ਨਾਟਕੀ ਢੰਗ ਨਾਲ ਤੁਕ ਵਿਚੋਂ ਤੁਕ ਅਗੇ ਤੋਂ ਅਗੇ ਦੇਣ ਦਾ ਤਰੀਕਾ ਅਪਣਾਇਆ। ਕਿਉਂਕਿ ਮਿਠੀ ਸੁਰ ਨਾਲ ਬਾਣੀ ਦਾ ਪਾਠ ਤੇ ਗਾਇਨ ਅਨੰਦ ਦਾਇਕ ਹੀ ਹੁੰਦਾ ਹੈ ਇਸ ਲਈ ਐਸੇ ਸਜਨਾਂ ਦੇ ਇਸ ਤਰੀਕੇ ਦੇ ਕੀਰਤਨ ਨੂੰ ਭੀ ਸਿਖ ਜਗਤ ਵਿਚ ਬਹੁਤ ਸਲਾਹਿਆ ਜਾਣ ਲਗ ਪਿਆ। ਸਰੋਤਿਆਂ ਦੀ ਰੁਚੀ ਭੀ ਜ਼ਮਾਨੇ ਨਾਲ ਬਹੁਤ ਬਦਲ ਗਈ।

ਐਸੇ ਸਜਨ ਰੁਜ਼ਗਾਰ ਲਈ ਹੋਰ ਕਾਰੋਬਾਰ ਕਰਦੇ ਤੇ ਸ਼ੌਕੀਆ ਤੌਰ ਤੇ ਕੀਰਤਨ ਦੀ ਸੇਵਾ ਕਰਦੇ। ਉਨ੍ਹਾਂ ਵੱਲ ਵੇਖ ਕੇ ਪ੍ਰੋਫੈਸ਼ਨਲ ਕੀਰਤਨੀਆਂ ਤੇ ਰਬਾਬੀਆਂ ਨੂੰ ਭੀ ਮੇਹਨਤ ਤੋਂ ਛੁਟਕਾਰਾ ਮਿਲ ਗਿਆ ਤੇ ਬਹੁਤ ਸਾਰੇ ਬਰਸਾਂ ਦੀ ਮੇਹਨਤ ਦੀ ਥਾਂ ਕੁਝ ਮਹੀਨਿਆਂ ਦੀ ਮੇਹਨਤ ਨਾਲ ਹੀ ਉਘੇ ਕੀਰਤਨੀਏ ਬਣ ਗਏ। ਉਨ੍ਹਾਂ ਲੋਕਾਂ ਨੂੰ ਬਹੁਤੀਆਂ ਰੀਤਾਂ ਬੰਦਸ਼ਾਂ ਦੀ ਭੀ ਲੋੜ ਨਾ ਰਹੀ ਤੇ ਘੰਟਿਆਂ ਬੱਧੀ ਨਾਟਕੀ ਢੰਗ ਨਾਲ ਪ੍ਰਮਾਣ ਦੇ ਕੇ ਕੰਮ ਸਾਰਨ ਲਗ ਪਏ। ਇਸ ਨਾਲ ਗੁਰਮਤਿ ਸੰਗੀਤ ਨੂੰ ਬਹੁਤ ਧੱਕਾ ਲੱਗਾ। ਬਹੁਤ ਸਾਰੇ ਲੋਕੀਂ ਅਤੇ ਕਈ ਜ਼ਿਮੇਦਾਰ ਸਜਣਾਂ ਨੂੰ ਭੀ ਇਹ ਭੁਲੇਖਾ ਪੈ ਗਿਆ ਕਿ ਜੋ ਭੇਟਾ ਅਥਵਾ ਤਨਖਾਹ ਲੈਕੇ ਕੀਰਤਨ ਕਰਦੇ ਹਨ ਉਨ੍ਹਾਂ ਨਾਲੋਂ ਉਹ ਸਜਨ ਚੰਗੇ ਹਨ ਜੋ ਰੋਟੀ ਲਈ ਹੋਰ ਕਾਰੋਬਾਰ ਕਰਦੇ ਹਨ ਤੇ ਕੀਰਤਨ ਮੁਫਤ ਕਰਦੇ ਹਨ। ਬਲਕਿ ਕਈ ਤਾਂ ਭੇਟਾ ਤੇ ਤਨਖਾਹ ਲੈਣ ਵਾਲਿਆਂ ਨੂੰ ਗੁਨਾਹਗਾਰ ਤੇ ਬਹੁਤ ਘਟੀਆ ਇਨਸਾਨ ਸਮਝਣ ਲੱਗ ਪਏ ਹਨ ਜੋ ਕਿ ਬਹੁਤ ਭਾਰਾ ਅਗਿਆਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਪ੍ਰਵਾਰ ਦੇ ਗੁਜ਼ਾਰੇ ਲਈ ਪੂਰਾ ਪ੍ਰਬੰਧ ਕੀਤਾ ਸੀ। ਕਰਤਾਰਪੁਰ ਵਸਾਉਣ ਤੋਂ ਉਪ੍ਰੰਤ

ਉਥੋਂ ਆਈਆਂ ਸੰਗਤਾਂ ਦੀ ਸੇਵਾ ਲਈ ਡੀਊਟੀ ਹੀ ਭਾਈ ਮਰਦਾਨੇ ਦੀ ਲਾਈ ਸੀ। ਸੰਗਤ ਵਲੋਂ ਆਈ ਚੜ੍ਹਤ ਵਿਚੋਂ ਭਾਈ ਮਰਦਾਨੇ ਦੇ ਘਰ ਪ੍ਰਵਾਰ ਲਈ ਭੀ ਅੰਨ ਦਾਣਾ ਬਸਤਰ ਜਾਂ ਨਕਦੀ ਦੇਂਦੇ ਸਨ। ਫਿਰ ਦਸਾਂ ਹੀ ਪਾਤਸ਼ਾਹੀਆਂ ਦੇ ਸਮੇਂ ਸੰਗਤਾਂ ਵਿਚ ਰਬਾਬੀ ਤੇ ਰਾਗੀ ਕੀਰਤਨ ਕਰਦੇ ਤੇ ਸਤਿਗੁਰੂ ਸਾਹਿਬਾਨ ਖ਼ਜ਼ਾਨੇ ਵਿਚੋਂ ਉਨ੍ਹਾਂ ਨੂੰ ਸ਼ਬਦ ਭੇਟਾ ਦੇਂਦੇ। ਸੰਗਤਾਂ ਵਿਚੋਂ ਭੀ ਕੀਰਤਨ ਦਾ ਸਤਿਕਾਰ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਖੁਸ਼ੀਆਂ ਬਖਸ਼ਦੇ ਰਹਿੰਦੇ ਸਨ।

ਦਸਮ ਪਾਤਸ਼ਾਹ ਜੀ ਤਾਂ ਜਿਥੇ ਕਵੀਆਂ ਤੇ ਹੋਰ ਵਿਦਵਾਨਾਂ ਦੀ ਕਦਰ ਕਰਦੇ, ਉਨ੍ਹਾਂ ਨੂੰ ਧਨ ਨਾਲ ਭੀ ਮਾਲਾ ਮਾਲ ਕਰਦੇ ਸਨ, ਉਥੇ ਉਹ ਕੀਰਤਨੀਆਂ ਨੂੰ ਭੀ ਧਨ ਨਾਲ ਮਾਲਾ ਮਾਲ ਕਰ ਦੇਂਦੇ ਸਨ। ਇਕ ਵਾਰੀ ਭੰਡਾਂ ਦਾ ਅਸਚਰਜ ਤਮਾਸ਼ਾ ਦੇਖ ਕੇ ਉਹਨਾਂ ਨੂੰ ਇਨਾਮ ਵਜੋਂ ਕੇਵਲ ਲੰਗਰ ਦੇ ਪ੍ਰਸ਼ਾਦੇ ਦੀ ਹੀ ਆਗਿਆ ਦਿੱਤੀ। ਜਿਸ ਨਾਲ ਉਹ ਬਹੁਤ ਨਿਰਾਸ ਹੋ ਗਏ। ਪਰ ਸਤਿਗੁਰੂ ਜੀ ਦੇ ਬਿਰਦ ਤੋਂ ਵਾਕਫ ਕਿਸੇ ਗੁਰਸਿਖ ਦੀ ਪ੍ਰੇਰਨਾ ਨਾਲ ਉਨ੍ਹਾਂ ਨੇ ਹੀ ਦੋ ਚਾਰ ਤੁਕਾਂ ਦੇ ਕੀਰਤਨ ਦੀ ਆਗਿਆ ਮੰਗੀ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਲਈ ਉਚੇਚਾ ਆਸਣ ਵਿਛਵਾਇਆ। ਉਹ ਲੋਕ ਰਾਗ ਵਿਦਿਆ ਵਿਚ ਭੀ ਪ੍ਰਬੀਨ ਸਨ। ਕਾਫੀ ਸਮੇਂ ਦੋ ਚਾਰ ਤੁਕਾਂ ਦਾ ਕੀਰਤਨ ਕਰਦੇ ਰਹੇ। ਗੁਰਬਾਣੀ ਕੰਠ ਨਾ ਹੋਣ ਕਰਕੇ ਉਨ੍ਹਾਂ ਹੀ ਤੁਕਾਂ ਨੂੰ ਬਾਰ ਬਾਰ ਗਾਉਂਦੇ ਰਹੇ ਤੇ ਉਡੀਕ ਕਰਦੇ ਰਹੇ ਕਿ ਸਤਿਗੁਰੂ ਜੀ ਕੀਰਤਨ ਖਤਮ ਕਰਨ ਦੀ ਆਗਿਆ ਦੇਣ ਪਰ ਸਤਿਗੁਰੂ ਜੀ ਸਮਾਧੀ ਇਸਥਿਤ ਸੁਣਦੇ ਰਹੇ। ਉਨ੍ਹਾਂ ਆਪ ਹੀ ਥੱਕ ਕੇ ਸਮਾਪਤੀ ਕਰ ਦਿੱਤੀ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਸੌ ਮੋਹਰ ਸ਼ਬਦ ਭੇਟ ਦਿੱਤੀ। ਸੋ ਜੇਕਰ ਭੇਟਾ ਜਾਂ ਤਨਖਾਹ ਲੈਕੇ ਕੀਰਤਨ ਕਰਨਾ ਗੁਨਾਹ ਹੁੰਦਾ ਤਾਂ ਦਸੇ ਪਾਤਸ਼ਾਹੀਆਂ ਇਹ ਗੁਨਾਹ ਆਪਣੇ ਕੀਰਤਨੀਆਂ ਪਾਸੋਂ ਕਦੇ ਭੀ ਨਾ ਕਰਵਾਉਂਦੇ ਤੇ ਨਾ ਹੀ ਹਜ਼ੂਰ ਦਾ ਸਾਜਿਆ ਨਿਵਾਜਿਆ ਪੰਥ ਖਾਲਸਾ ਏਸ ਗੁਨਾਹ ਦੀ ਇਜ਼ਾਜਤ ਦੇਂਦਾ।

ਦੂਜੀ ਵਿਚਾਰ ਇਹ ਹੈ ਕਿ ਜੋ ਸਜਣ ਪ੍ਰਵਾਰ ਦੇ ਗੁਜ਼ਾਰੇ ਲਈ ਹੋਰ ਕ੍ਰਿਤ ਕਰਦੇ ਹਨ ਤੇ ਸ਼ੌਕੀਆਂ ਤੌਰ ਤੇ ਕੀਰਤਨ ਕਰਦੇ ਹਨ ਉਹ ਗੁਰਮਤਿ ਸੰਗੀਤ ਵਿਦਿਆ ਵਿਚ ਨਿਪੁੰਨ ਹੋਣ ਲਈ ਵਕਤ ਨਹੀਂ ਦੇ ਸਕਦੇ। ਆਵਾਜ ਕੁਦਰਤੀ ਮਧੁਰ ਹੋਣ ਦੇ ਕਾਰਨ ਸਰੋਤਿਆਂ ਨੂੰ ਅਨੰਦ ਦੇ ਸਕਦੇ ਹੈਨ ਪਰ ਵਡੇ ਵਡੇ ਤਾਲਾਂ ਤੇ ਲੈ ਆਦਕ ਨੂੰ ਬੁੱਧੀ ਵਿਚ ਨਹੀਂ ਸੰਭਾਲ ਸਕਦੇ। ਭਾਵ,

ਕੀਰਤਨ ਦੀ ਕਲਾ ਨੂੰ ਕੇਵਲ ਇਸ ਨੂੰ ਕ੍ਰਿਤ ਦੇ ਤੌਰ ਤੇ ਕਰਨ ਵਾਲੇ ਕੀਰਤਨੀਏ ਹੀ ਸੁਰਜੀਤ ਰਖ ਸਕਦੇ ਹਨ, ਨਿਸ਼ਕਾਮ ਕੀਰਤਨੀਏ ਨਹੀਂ। ਏਸ ਲਈ ਪੰਥ ਦੇ ਜ਼ਿੰਮੇਦਾਰ ਸਜਣਾਂ ਨੂੰ ਅਤੇ ਸੰਗਤਾਂ ਨੂੰ ਇਹ ਭੁਲੇਖਾ ਆਪਣੇ ਮਨਾਂ ਵਿਚੋਂ ਦੂਰ ਕਰਨਾ ਚਾਹੀਦਾ ਹੈ। ਬਲਕਿ ਆਗੂ ਸਜਣਾਂ ਨੂੰ ਚਾਹੀਦਾ ਹੈ ਕਿ ਉਹ ਭੇਟਾ ਤੇ ਤਨਖਾਹ ਆਦਿਕ ਲੈਕੇ ਕੀਰਤਨ ਕਰਨ ਵਾਲਿਆਂ ਨੂੰ ਜਿਥੇ ਸਤਿਕਾਰ ਦੀ ਨਜ਼ਰ ਨਾਲ ਵੇਖਣ ਉਥੇ ਉਨ੍ਹਾਂ ਨੂੰ ਇਸ ਫਰਜ਼ ਦੀ ਚਿਤਾਵਨੀ ਭੀ ਬੜੇ ਜੋਰ ਦਾਰ ਸ਼ਬਦਾਂ ਵਿਚ ਕਰਿਆ ਕਰਨ ਕਿ ਉਹ ਗੁਰਮਤਿ ਸੰਗੀਤ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਉਦਮ ਕਰਦੇ ਰਹਿਣ।

## ਕੀਰਤਨੀਆ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?

ਗੁਰੂ ਸਾਹਿਬਾਨ ਨੇ ਕੀਰਤਨੀਆਂ ਨੂੰ ਭਾਈ, ਸਜਨ, ਸੰਤ, ਸਾਧ ਜਿਹੇ ਪਿਆਰੇ ਸ਼ਬਦਾਂ ਨਾਲ ਸਤਿਕਾਰਿਆ ਸੀ ਅਤੇ ਕੀਰਤਨੀਏ ਦੀਆਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਧਨ ਪਦਾਰਥ ਭੀ ਬਖਸ਼ਿਆ ਸੀ। ਗੁਰੂ ਸਾਹਿਬਾਨ ਨੇ ਕੀਰਤਨੀਏ ਦੇ ਪ੍ਰਲੋਕ ਸਵਾਰਨ ਲਈ ਉਸ ਨੂੰ ਸੁੰਦਰ ਉਪਦੇਸ਼ ਭੀ ਬਖਸ਼ੇ ਹਨ। ਜੇ ਕਰ ਕੀਰਤਨੀਆਂ ਇਸ ਉਪਦੇਸ਼ ਤੇ ਅਮਲ ਨਹੀਂ ਕਰਦਾ ਤਾਂ ਉਸ ਨੂੰ ਏਸ ਲੋਕ ਵਿਚ ਮਾਇਆ ਤੇ ਸੋਭਾ ਮਿਲ ਸਕਦੀ ਹੈ ਪਰ ਪ੍ਰਲੋਕ ਨਹੀਂ ਸਵਰ ਸਕਦਾ। ਏਸ ਲੇਖ ਵਿਚ ਇਹ ਤਾਂ ਸਪਸ਼ਟ ਹੋ ਚੁਕਾ ਹੈ ਕਿ ਗੁਰੂ ਸਾਹਿਬਾਨ ਦੀ ਇਹ ਮਰਜ਼ੀ ਤੇ ਕੋਸ਼ਿਸ਼ ਰਹੀ ਸੀ ਕਿ ਕੀਰਤਨ ਕਰਨ ਵਾਲਾ ਸੰਗੀਤ ਵਿਚ ਪ੍ਰਬੀਨ ਹੋਵੇ ਤੇ ਰਾਗ, ਤਾਲ, ਆਦਿਕ ਗੁਣਾਂ ਨੂੰ ਪ੍ਰਾਪਤ ਕਰਕੇ ਗੁਣੀ ਬਣਕੇ ਮਰਯਾਦਾ ਪੂਰਬਕ ਕੀਰਤਨ ਕਰੇ। ਸੋ ਪਹਿਲੀ ਸਿਫਤ ਤਾਂ ਕੀਰਤਨੀਏ ਅੰਦਰ ਇਹ ਹੋਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਗੁਰਮਤਿ ਸੰਗੀਤ ਦੇ ਭੰਡਾਰੇ ਤੋਂ ਵੱਧ ਤੋਂ ਵੱਧ ਆਪ ਭੀ ਲਾਭ ਉਠਾਵੇ ਤੇ ਸੰਗਤਾਂ ਦੀ ਸੇਵਾ ਵੀ ਕਰੇ। ਸੰਗੀਤ ਵਿਦਿਆ ਤੋਂ ਇਲਾਵਾ ਵੱਧ ਤੋਂ ਵੱਧ ਆਦਿ ਬਾਣੀ, ਦਸਮ ਬਾਣੀ ਤੇ ਹੋਰ ਪ੍ਰਵਾਣ ਹੋ ਚੁਕੀਆਂ ਬਾਣੀਆਂ ਨੂੰ ਕੰਠ ਕਰੇ। ਉਨ੍ਹਾਂ ਦੇ ਭਾਵ ਅਰਥ ਤੋਂ ਜਾਣੂ ਹੋਣਾ ਭੀ ਬੜਾ ਜ਼ਰੂਰੀ ਹੈ। ਬਾਣੀ ਦੀਆਂ ਲਗਾਂ ਮਾਤਰਾਂ ਦੀ ਸੁਧੀ ਲਈ ਭੀ ਰੋਜ਼ਾਨਾ ਹੀ ਬਾਣੀ ਦਾ ਪਾਠ ਕਰਦੇ ਰਹਿਣਾ ਬੜਾ ਜਰੂਰੀ ਹੈ। ਕੀਰਤਨੀਏ ਨੂੰ ਸਿੱਖ ਧਰਮ ਬਾਰੇ ਅਥਵਾ ਗੁਰਮਤਿ ਫਿਲਾਸਫੀ ਤੇ ਹੋਰ ਗੁਰ ਇਤਿਹਾਸ ਤੇ ਹੋਰ ਮਤਾਂ ਦੀ ਭੀ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਕਿਉਂਕਿ ਕੀਰਤਨੀਏ ਦੇ ਜੀਵਨ ਦਾ ਪ੍ਰਭਾਵ ਵੀ ਸ੍ਰੋਤਿਆਂ ਤੇ ਬਹੁਤ ਕਰਕੇ ਪੈਂਦਾ ਹੈ। ਇਸ ਲਈ ਗੁਰੂ ਸਾਹਿਬਾਨ ਨੇ

ਜੀਵਨ ਦੀ ਪਵਿਤਰਤਾ ਵਾਸਤੇ ਭੀ ਉਤਮ ਉਪਦੇਸ਼ ਬਖਸ਼ੇ ਹਨ। ਰਾਮਕਲੀ ਰਾਗ ਵਿਚ ਪੰਜਵੀ ਪਾਤਸ਼ਾਹੀ ਦਾ ਇਕ ਸ਼ਬਦ ਹੈ ਜਿਸ ਅੰਦਰ ਸਤਿਗੁਰੂ ਜੀ ਨੇ ਉਸ ਸਮੇਂ ਦੂਜੇ ਮਤਾਂ ਵਿਚ ਰਾਸਾਂ ਕਰਨ ਦਾ ਜੋ ਰਿਵਾਜ ਸੀ ਉਸ ਦਾ ਖੰਡਨ ਕਰਕੇ ਗੁਰਮੁਖਾਂ ਦੀ ਰਾਸ ਦਾ ਜ਼ਿਕਰ ਕੀਤਾ ਹੈ। ਉਸੇ ਸ਼ਬਦ ਵਿਚੋਂ ਕੀਰਤਨੀਏ ਲਈ ਭੀ ਬਹੁਤ ਹੀ ਸੁੰਦਰ ਸਿਖਿਆਵਾਂ ਪ੍ਰਾਪਤ ਹੁੰਦੀਆਂ ਹਨ। ਸ਼ਬਦ ਦੇ ਅਰੰਭ ਦੀਆਂ ਤੁਕਾਂ ਏਹ ਹੈਨ : **ਓਅੰਕਾਰ ਏਕ ਧੁਨਿ ਏਕੈ ਏਕੈ ਰਾਗ ਆਲਾਪੈ। ਏਕਾ ਦੇਸੀ ਏਕ ਦਿਖਾਵੈ ਏਕੋ ਰਹਿਆ ਬਿਆਪੈ। ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ।**

ਭਾਵ ਕਿ ਕੀਰਤਨੀਆਂ ਇਕੋ ਵਾਹਿਗੁਰੂ ਦੀ ਸਿਫਤ ਸਲਾਹ ਕਰੇ, ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਮਹਿਸੂਸ ਕਰਕੇ ਉਸ ਦੇ ਗੁਣ ਗਾਇਨ ਕਰੇ। ਇਕੋ ਵਾਹਿਗੁਰੂ ਵਿਚ ਉਸ ਦੀ ਸੁਰਤ ਰਹੇ ਤੇ ਕੀਰਤਨ ਨੂੰ ਉਸੇ ਦੀ ਸੇਵਾ ਸਮਝ ਕੇ ਕਰੇ। ਇਨਾ ਖੂਬੀਆਂ ਵਾਲੇ ਕੀਰਤਨੀਏ ਨੂੰ ਹੀ ਆਖਿਆ ਹੈ। ''**ਭਲੋ ਭਲੋ ਰੇ ਕੀਰਤਨੀਆ।**'' ਉਹ ਕੀਰਤਨੀਆ ਭਲਾ ਹੈ ਜੋ ਸਰਬ ਵਿਆਪਿਕ ਵਾਹਿਗੁਰੂ ਦੇ ਹੀ ਗੁਣ ਗਾਇਨ ਕਰਦਾ ਹੈ ਤੇ ਸੁਰਤੀ ਨੂੰ ਮਾਇਕੀ ਪਦਾਰਥਾਂ ਤੋਂ ਉੱਚੀ ਚੁੱਕ ਕੇ ਕੀਰਤਨ ਕਰਦਾ ਹੈ। ਅਗਲੀਆ ਤੁਕਾਂ ਵਿਚ ਹਜ਼ੂਰ ਨੇ ਫੁਰਮਾਇਆ ਹੈ - **ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ। ਬਾਜਾ ਮਾਣ ਤਾਣ ਤਜਿ ਤਾਨਾ ਪਾਉ ਨਾ ਬੀਗਾ ਘਾਲੈ। ਫੇਰੀ ਫੇਰੁ ਨ ਹੋਵੈ ਕਬਹੀ ਏਕ ਸਬਦ ਬੰਧਿ ਪਾਲੈ।** ਇਨਾਂ ਤੁਕਾਂ ਦਾ ਭਾਵ ਇਹ ਹੈ ਕਿ ਕੀਰਤਨੀਆਂ ਭੀ ਸੰਤੋਖ ਆਦਿਕ ਪੰਜਾ ਗੁਣਾ ਦਾ ਧਾਰਨੀ ਹੋਵੇ ਤੇ ਏਸ ਤੁਕ ਤੇ ਭਰੋਸਾ ਕਰੇ - '**ਮਾਨੁਖ ਕੀ ਟੇਕ ਬਿਰਥੀ ਸਭ ਜਾਨ। ਦੇਵਨ ਕਉ ਏਕੈ ਭਗਵਾਨ**'' (ਸ੍ਰੀ ਸੁਖਮਨੀ ਸਾਹਿਬ)। ਗੁਰੂ ਸ਼ਬਦ ਵਿਚ ਤਾਂ ਇਤਨੀ ਬਰਕਤ ਹੈ ਕਿ ਜੇ ਕੋਈ ਜੰਗਲ ਵਿਚ ਭੀ ਉਪ੍ਰੋਕਤ ਸਿਖਿਆ ਮੁਤਾਬਿਕ ਕੀਰਤਨ ਕਰਨ ਲੱਗ ਪਵੇ ਤਾਂ ਉਥੇ ਵੀ ਮੰਗਲ ਲਗ ਸਕਦਾ ਹੈ।

ਕੀਰਤਨ ਵੇਲੇ ਇਧਰ ਉਧਰ ਤਕਦੇ ਰਹਿਣ ਦੀ ਬਜਾਏ ਸੁਰਤੀ ਸ਼ਬਦ ਵਿਚ ਹੀ ਜੋੜੀ ਰਖੇ। ਸ਼ਬਦ ਭੇਟ ਬਹੁਤੀ ਜਾਂ ਥੋਹੜੀ ਆਉਣ ਦਾ ਜਾਂ ਬਿਲਕੁਲ ਹੀ ਨਾ ਆਉਣ ਦਾ ਅਸਰ ਉਸਦੇ ਮਨ ਤੇ ਨਾ ਹੋਵੇ। ਲੋਕਾਂ ਵਲੋਂ ਵਾਹਵਾ ਤੇ ਪ੍ਰਸੰਨਤਾ ਦੇ ਬੋਲ ਸੁਣਕੇ ਮਨ ਵਿਚ ਹੰਕਾਰ ਨਾ ਹੋਵੇ। ਕੀਰਤਨ ਨੂੰ ਗੁਰੂ ਦੀ ਬਖਸ਼ਿਸ਼ ਤੇ ਸੰਗਤ ਦੀ ਕ੍ਰਿਪਾ ਹੀ ਜਾਣੇ। ਗੁਰੂ ਦੀ ਮਹਿਮਾ ਤੇ ਸੰਗਤ ਦੀ ਹਾਜ਼ਰੀ ਆਪਣੇ ਕੀਰਤਨ ਦੇ ਆਸਰੇ ਨਾ ਸਮਝ ਬੈਠੇ ਸਗੋਂ

ਆਪਣੇ ਮਨ ਵਿਚ ਸਤਿਗੁਰੂ ਤੇ ਸੰਗਤ ਦੇ ਚਰਨਾਂ ਦਾ ਆਸਰਾ ਸਮਝੇ। ਭਾਈ ਸੱਤਾ ਤੇ ਬਲਵੰਡ ਦੀ ਸਾਖੀ ਬੜੀ ਸਿਖਿਆ ਦਾਇਕ ਹੈ।

ਕੀਰਤਨੀਆਂ ਦੇ ਸੰਗੀਤਕ ਗੁਣ ਤੇ ਕਈ ਵਾਰ ਸੁੰਦਰਤਾ ਮੋਹੀ ਜਾਂਦੀ ਹੈ ਤੇ ਉਸ ਖਤਰਨਾਕ ਤਿਲਕਣਬਾਜੀ ਵਿਚ ਉਹ ਰੁੜ ਜਾਂਦਾ ਹੈ। ਵਿਕਾਰੀ ਹੋ ਕੇ ਆਪਣਾ ਆਚਰਨ ਹੀ ਗਵਾ ਬੈਠਦਾ ਹੈ। ਇਸ ਰੋਗ ਤੋਂ ਭੀ ਬਚਣਾ ਚਾਹੀਏ। ਕਈ ਮਾਈ ਭਾਈ ਸ਼ਬਦ ਕਰਕੇ ਕੀਰਤਨੀਏ ਦਾ ਸਤਿਕਾਰ ਕਰਦੇ ਹਨ, ਪੈਰੀਂ ਹੱਥ ਭੀ ਲਾ ਦੇਂਦੇ ਹਨ। ਇਸ ਨਾਲ ਭੀ ਉਸ ਦੇ ਮਨ ਅੰਦਰ ਕਈ ਵਾਰ ਹੋਰ ਬਹੁਤਾ ਮੱਥੇ ਟਿਕਵਾਉਣ ਤੇ ਪੂਜਾ ਕਰਵਾਉਣ ਦੀ ਲਾਲਸਾ ਭੜਕ ਉਠਦੀ ਹੈ ਤੇ ਉਹ ਲੋਕਾਂ ਨੂੰ ਕਈ ਸਾਧੂਆਂ ਸੰਤਾਂ ਦੇ ਚੇਲੇ ਚੇਲੀਆਂ ਬਣਿਆ ਵੇਖ ਕੇ ਆਪ ਭੀ ਭਾਈ ਸ਼ਬਦ ਨੂੰ ਤਿਆਗ ਕੇ ਸੰਤ ਸ਼ਬਦ ਨੂੰ ਆਪਣੇ ਨਾਮ ਨਾਲ ਜੋੜਨ ਦਾ ਯਤਨ ਕਰਦਾ ਹੈ ਤੇ ਕੋਈ ਭੇਖ ਵਾਲਾ ਪਹਿਰਾਵਾ ਭੀ ਧਾਰਨ ਕਰ ਲੈਂਦਾ ਹੈ। ਚੇਲੇ ਚੇਲੀਆਂ ਬਣਾ ਕੇ ਉਨ੍ਹਾਂ ਪਾਸੋਂ ਹਰ ਤਰ੍ਹਾਂ ਦੇ ਦੁਨਿਆਵੀ ਲਾਭ ਉਠਾਉਂਦਾ ਹੈ। ਇਸ ਤਰ੍ਹਾਂ ਪਖੰਡ ਤੇ ਦੰਭ ਦੀ ਬੀਮਾਰੀ ਤੋਂ ਭੀ ਰਾਗੀ ਨੂੰ ਬਚਣਾ ਜ਼ਰੂਰੀ ਹੈ।

ਕਈ ਗੁਣੀ ਕੀਰਤਨੀਆਂ ਨੇ ਕੀਰਤਨ ਨੂੰ ਤਾਂ ਇਕ ਆਪਣੀ ਇਸ਼ਤਿਹਾਰ ਬਾਜ਼ੀ ਦਾ ਹੀ ਸਾਧਨ ਬਣਾਇਆ ਤੇ ਕੀਰਤਨ ਕਰਦਿਆਂ ਹੀ ਬੜੇ ਚਾਲਾਕ ਤਰੀਕੇ ਨਾਲ ਲੋਕਾਂ ਨੂੰ ਦੱਸ ਦੇਂਦੇ ਹਨ ਕਿ ਉਹ ਜੰਤਰ ਮੰਤਰ, ਧਾਗੇ, ਤਵੀਤ, ਟੂਣੇ, ਆਦਿਕ ਦੀ ਵਿਦਿਆ ਭੀ ਜਾਣਦੇ ਹੈਨ। ਗ੍ਰਸਥੀ ਲੋਕ ਕਈ ਪ੍ਰਕਾਰ ਦੇ ਦੁੱਖਾਂ ਨਾਲ ਗ੍ਰੱਸੇ ਹੁੰਦੇ ਹੈਨ ਤੇ ਵਹਿਮਾ-ਭਰਮਾਂ ਵਿਚੋਂ ਕੋਈ ਵਿਰਲਾ ਹੀ ਬਚਿਆ ਹੁੰਦਾ ਹੈ। ਉਹ ਫਿਰ ਐਸੇ ਕੀਰਤਨੀਆਂ ਪਾਸੋਂ ਜੰਤਰਾਂ ਮੰਤਰਾ, ਧਾਗੇ, ਤਵੀਤਾਂ ਰਾਹੀਂ ਆਪਣੇ ਦੁਖ ਨਵਿਰਤ ਕਰਾਉਣ ਦੀ ਕੋਸ਼ਿਸ ਕਰਦੇ ਹਨ ਤੇ ਐਸੇ ਕੀਰਤਨੀਏ ਭੀ ਉਨ੍ਹਾਂ ਨੂੰ ਪੂਰੀ ਤਸੱਲੀ ਦੇ ਕੇ ਇਨ੍ਹਾਂ ਭਰਮਾਂ ਵਿਚ ਫਸਾ ਲੈਂਦੇ ਹਨ। ਇਸ ਤਰ੍ਹਾਂ ਉਹ ਸ਼ਬਦ ਭੇਟ ਦੀ ਮਾਇਆ ਨਾਲੋਂ ਕਈ ਗੁਣਾਂ ਵੱਧ ਮਾਇਆ ਭੀ ਉਨ੍ਹਾਂ ਲੋਕਾਂ ਪਾਸੋਂ ਵਸੂਲ ਕਰ ਲੈਂਦੇ ਹਨ। ਐਸੇ ਲੋਕਾਂ ਨੇ ਵਲਾਇਤ ਤੇ ਹੋਰ ਬਾਹਰ ਵਿਦੇਸ਼ਾਂ ਵਿਚ ਵਸਦੇ ਲੋਕਾਂ ਨੂੰ ਜੰਤਰਾਂ ਮੰਤਰਾਂ, ਧਾਗੇ ਤਵੀਤਾਂ ਨਾਲ ਬਹੁਤ ਲੁਟਿਆ ਹੈ। ਇਹ ਇਕ ਬਹੁਤ ਹੀ ਵਡਾ ਗੁਨਾਹ ਹੈ ਤੇ ਗੁਰਬਾਣੀ ਦੇ ਅਨੁਸਾਰ ਉਹ ਲੋਕ ਆਪਣੇ ਲਈ ਨਰਕ ਦਾ ਸਮਾਨ ਪੈਦਾ ਕਰ ਲੈਂਦੇ ਹਨ ਐਸੀਆਂ ਬਿਮਾਰੀਆਂ ਤੋਂ ਕੀਰਤਨੀਏ ਨੂੰ ਬਚਣਾ ਚਾਹੀਦਾ ਹੈ। ਜੋ ਗੁਰਦੇਵ ਦੀ ਏਸ ਸਿਖਿਆ ਤੇ ਅਮਲ ਕਰਦਾ ਹੈ ਉਸ ਨੂੰ ਜੂਨੀਆ ਦੇ ਚੱਕਰ ਨਹੀ ਪੈਂਦੇ ਪਰ ਰਾਗੀ ਨੂੰ ਸ੍ਵੈਮਾਨ ਤੇ ਅਭਿਮਾਨ

ਦੇ ਫਰਕ ਦੀ ਭੀ ਸਮਝ ਹੋਣੀ ਜਰੂਰੀ ਹੈ।

ਕੀਰਤਨੀਏ ਲਈ ਹੰਕਾਰ ਮਾੜਾ ਹੈ ਪਰ ਸਵੈਮਾਨ ਕਾਇਮ ਰਖਣਾ ਜ਼ਰੂਰੀ ਹੈ। ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧ ਵਿਚ ਕਾਨੂੰਨ ਦੀ ਪਾਲਣਾ ਕਰਨੀ ਤੇ ਵਕਤ ਦੇ ਪ੍ਰਬੰਧਕਾਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਪਰ ਜੋ ਸਜਣ ਇਸ ਸਤਿਕਾਰ ਨੂੰ ਗੁਲਾਮਾਂ ਵਾਲੀ ਹਜ਼ੂਰ-ਮਾਈ ਬਾਪ ਵਾਲੀ ਜ਼ਹਿਨੀਅਤ ਵਿਚ ਬਦਲ ਲੈਂਦੇ ਹਨ ਉਹ ਤਰੀਕਾ ਮਾੜਾ ਹੈ। ਕਈ ਸਜਣ ਸ਼ਬਦ ਭੇਟ ਦੀ ਅਰਦਾਸ ਕਰਨ ਵੇਲੇ ਭੀ ਖੁਸ਼ਾਮਦ ਦੇ ਪੁਲ ਬੰਨ੍ਹ ਦੇਂਦੇ ਹਨ। ਉਨ੍ਹਾਂ ਦੀ ਉਹ ਮਿਰਾਸੀਆਂ ਵਾਲੀ ਕਲਿਆਣ ਦੀ ਭਾਂਤ ਦੀ ਅਰਦਾਸ ਸੁਣਕੇ ਸੂਝ ਬੂਝ ਵਾਲੇ ਬੰਦੇ ਦਾ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਅਰਦਾਸ ਕੇਵਲ ਥੋੜੇ ਜਹੇ ਸ਼ਬਦਾਂ ਵਿਚ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ। ਐਸਾ ਕਰਕੇ ਉਹ ਲੋਕ ਕੋਈ ਜ਼ਿਆਦਾ ਲਾਭ ਤਾਂ ਨਹੀਂ ਉਠਾਉਂਦੇ ਸਗੋਂ ਆਪਣਾ ਹੌਲਾ ਪਨ ਹੀ ਲੋਕਾਂ ਨੂੰ ਜ਼ਾਹਿਰ ਕਰਦੇ ਹਨ।

ਜੇ ਕੋਈ ਸਜਣ ਹੰਕਾਰ ਵਿਚ ਰਾਗੀ ਨੂੰ ਰਾਗੀ ਸਮਝ ਕੇ ਨਫਰਤ ਕਰੇ ਤਾਂ ਰਾਗੀ ਆਪਣੇ ਆਪ ਨੂੰ ਤੇ ਪ੍ਰਬੰਧਕਾ ਨੂੰ ਭੀ ਗੁਰੂ ਦੇ ਸੇਵਾਦਾਰ ਹੀ ਜਾਣੇ ਰਾਗੀ ਦਾ ਦਿਲ ਭੀ ਗੈਰਤਮੰਦ ਇਨਸਾਨ ਜੈਸਾ ਹੋਣਾ ਚਾਹੀਏ ਈਹੋ ਦਸਮੇਸ਼ ਪਿਤਾ ਦਾ ਉਪਦੇਸ਼ ਹੈ ਰਾਗੀ ਸਜਣ ਭੀ ਉਸ ਦੀ ਪ੍ਰਵਾਹ ਨ ਕਰੇ। ਪ੍ਰਫੈਸ਼ਨਲ ਰਾਗੀ, ਰਬਾਬੀ ਸਜਣਾਂ ਨੂੰ ਆਪਣੀ ਇਸ ਕ੍ਰਿਤ ਤੇ ਫਖਰ ਭੀ ਹੋਣਾ ਚਾਹੀਦਾ ਹੈ।

ਇਸ ਕ੍ਰਿਤ ਨੂੰ ਨੀਵਾਂ ਸਮਝਣਾ ਪੱਕੀ ਅਕ੍ਰਿਤਘਣਤਾ ਹੈ ਤੇ ਸਤਿਗੁਰੂ ਤੋਂ ਬੇਮੁਖ ਹੋਣ ਵਾਲੀ ਬਾਤ ਹੈ। ਇਸ ਕਮਜ਼ੋਰੀ ਤੋਂ ਭੀ ਰਾਗੀ ਸਜਣਾਂ ਨੂੰ ਬਚਣਾ ਚਾਹੀਦਾ ਹੈ। ਜੋ ਬੰਦਾ ਆਪਣਾ ਸਵੈਮਾਨ ਆਪ ਕਾਇਮ ਰਖਦਾ ਹੈ, ਉਸੇ ਦਾ ਹੀ ਮਾਣ ਲੋਕ ਕਰਦੇ ਹਨ। ਜੇ ਕੋਈ ਇਨ੍ਹਾਂ ਸਿਫਤਾਂ ਨੂੰ ਧਾਰਨ ਕਰਕੇ ਕੀਰਤਨ ਕਰੇ ਤਾਂ "**ਐਸਾ ਕੀਰਤਨ ਕਰ ਮਨ ਮੇਰੇ। ਈਹਾ ਊਹਾ ਜੋ ਕਾਮ ਤੇਰੇ**" ਦੇ ਮਹਾਂਵਾਕ ਅਨੁਸਾਰ ਉਸ ਦਾ ਲੋਕ ਭੀ ਸੁਖੀ ਤੇ ਪ੍ਰਲੋਕ ਭੀ ਸੁਹੇਲੜਾ ਹੋ ਜਾਂਦਾ ਹੈ।

ਇਸ ਪਰਥਾਏ ਅੱਜ ਤੋਂ ਕਰੀਬਨ ਪਝੱਤਰ ਸਾਲ ਪਹਿਲਾਂ ਰੇਲ ਦੇ ਸਫਰ ਵਿਚ ਮੇਰੇ ਪਿਤਾ ਜੀ ਦੀ ਇਕ ਪ੍ਰਸਿੱਧ ਰਾਗੀ ਨਾਲ ਹੋਈ ਵਾਰਤਾਲਾਪ ਦਾ ਜ਼ਿਕਰ ਭੀ ਲਾਭਦਾਇਕ ਹੋਵੇਗਾ। ਦੂਸਰੇ ਰਾਗੀ ਸਿੰਘ ਨੇ ਬੜੇ ਦੁਖੀ ਦਿਲ ਨਾਲ ਏਹ ਵਾਕ ਕਹੇ ਕਿ ਕੀਰਤਨ ਕਰਕੇ ਰੋਟੀ ਕਮਾਵਣ ਨਾਲੋਂ ਤਾਂ ਛਾਬੜੀ ਵਿਚ ਪਾਕੇ ਕੇਲੇ ਵੇਚ ਲੈਣੇ ਚੰਗੇ ਹੈਨ। ਪਿਤਾ ਜੀ ਨੇ ਇਸ ਦੇ

ਵਿਰੋਧ ਵਿਚ ਕਿਹਾ ਕਿ ਰੋਟੀ ਲਈ ਲੋਕਾਂ ਨੂੰ ਅਨੇਕ ਪ੍ਰਕਾਰ ਦੇ ਝੂਠ ਫਰੇਬ ਦਾ ਆਸਰਾ ਲੈਣਾ ਪੈਂਦਾ ਹੈ ਗੁਨਾਹਾਂ ਦੀ ਪੰਡ ਭਾਰੀ ਚੁਕਣੀ ਪੈਂਦੀ ਹੈ ਕੇਵਲ ਕੀਰਤਨੀਆ ਹੀ ਗੁਰੂ ਉਪਦੇਸ਼ ਮੰਨਦਾ ਹੋਇਆ ਗੁਰੂ ਕੀ ਬਾਣੀ ਗਾ ਕੇ ਸੁੱਚੀ ਰੋਟੀ ਕਮਾ ਸਕਦਾ ਹੈ। ਜੋ ਲੋਕ ਪਾਪਾਂ ਦੀ ਖੱਟੀ ਚੰਗੀ ਤੇ ਏਸ ਸੁੱਚੀ ਕ੍ਰਿਤ ਨੂੰ ਮਾੜਾ ਸਮਝਦੇ ਹੈਨ ਉਨਾਂ ਉਪਰ ਏਹ ਤੁਕਾਂ ਠੀਕ ਘਟਦੀਆ ਹੈਨ। **ਅੰਮ੍ਰਿਤ ਕਉਰਾ ਬਿਖਿਆ ਮੀਠੀ। ਸਾਕਤ ਕੀ ਬਿਧਿ ਨੈਨਹੁ ਡੀਠੀ।** (ਰਾਮਕਲੀ ਮਹਲਾ ੫ ਪੰਨਾ ੮੯੨) ਪਿਤਾ ਜੀ ਦੀਆਂ ਏਹਨਾਂ ਦਲੀਲਾਂ ਦਾ ਅਸਰ ਪੱਥਰ ਉਪਰ ਪਈ ਬੂੰਦ ਵਰਗਾ ਹੀ ਹੋਇਆ ਸੀ ਪਰ ਮਜ਼ੇਦਾਰ ਬਾਤ ਏਹ ਹੈ ਕਿ ਉਸ ਨੇ ਆਯੂ ਪ੍ਰਯੰਤ ਛਾਬੜੀ ਵਿਚ ਕੇਲੇ ਪਾ ਕੇ ਨਹੀਂ ਵੇਚੇ ਸਨ ਨਾ ਹੀ ਟੋਕਰੀ ਢੋਈ ਸੀ ਏਸ ਕੀਰਤਨ ਦੀ ਕ੍ਰਿਤ ਨਾਲ ਹੀ ਸਾਰੇ ਪਰਵਾਰ ਦੀ ਪਾਲਣ ਪੋਸ਼ਣ ਕਰਦਾ ਰਿਹਾ। ਸੁੰਦਰ ਮੰਦਰ ਬਣਾਏ ਅਤੇ ਬਚੇ ਬਚੀਆ ਨੂੰ ਉੱਚੀ ਵਿਦਿਆ ਦਿਵਾਈ ਸੀ।

## ਅੱਜ ਕਲ ਦੇ ਕੀਰਤਨ ਦਰਬਾਰ

ਕੁਝ ਸਾਲਾਂ ਤੋਂ ਦੇਸ਼ ਵਿਚ ਕੀਰਤਨ ਦਰਬਾਰਾਂ ਦੀ ਬਹੁਤ ਪ੍ਰਪਾਟੀ ਚਲੀ ਹੈ। ਕਾਰਜ ਸ਼ਲਾਘਾ ਯੋਗ ਹੈ, ਕਿਉਂਕਿ ਦੁਨੀਆਂ ਗੁਰਬਾਣੀ ਦਾ ਅਨੰਦ ਮਾਣਦੀ ਹੈ। ਪਰ ਇਨ੍ਹਾਂ ਕੀਰਤਨ ਦਰਬਾਰਾਂ ਦਾ ਨਾਮ ਕੀਰਤਨ ਦਰਬਾਰ ਦੀ ਥਾਂ ਪਾਠ ਦਰਬਾਰ ਰਖਿਆ ਜਾਵੇ ਤਾਂ ਜ਼ਿਆਦਾ ਢੁੱਕਵਾਂ ਨਾਮ ਹੈ। ਪ੍ਰਬੰਧਕਾਂ ਦੀ ਇਹ ਇੱਛਾ ਰਹਿੰਦੀ ਹੈ ਕਿ ਉਨ੍ਹਾਂ ਦੇ ਕਰਵਾਏ ਕੀਰਤਨ ਦਰਬਾਰ ਵਿਚ ਇਕੱਠ ਬਹੁਤਾ ਹੋਵੇ। ਲੋਕਾਂ ਦੇ ਘਰਾਂ ਵਿਚ ਰਾਤ ਦਿਨ ਰੇਡੀਓ ਤੋਂ ਅਤੇ ਟੈਲੀਵੀਜ਼ਨ ਤੋਂ ਲਾਈਟ ਮਿਊਜ਼ਿਕ ਤੇ ਫਿਲਮੀ ਟਿਊਨਾ ਦੀਆਂ ਆਵਾਜ਼ਾਂ ਸੁਣ ਕੇ ਸੰਗਤਾਂ ਦੀ ਇੱਛਾ ਉਸੇ ਤਰ੍ਹਾਂ ਦੀਆਂ ਸੁਰਾਂ ਨੂੰ ਸਰਵਣ ਕਰਨ ਦੀ ਵੱਧ ਚੁੱਕੀ ਹੈ। ਉਹ ਕੀਰਤਨ ਦਰਬਾਰ ਵਿਚ ਭੀ ਗੁਰਬਾਣੀ ਨੂੰ ਉਸੇ ਢੰਗ ਦੀਆਂ ਸੁਰਾਂ ਵਿਚ ਗਾਇਆ ਸੁਣਨਾ ਚਾਹੁੰਦੇ ਹਨ। ਕੀਰਤਨੀਆਂ ਨੂੰ ਪ੍ਰਬੰਧਕਾਂ ਤੇ ਸੰਗਤਾਂ ਦੀ ਪ੍ਰਸੰਨਤਾ ਦੀ ਅਤੀ ਲੋੜ ਰਹਿੰਦੀ ਹੈ ਅਤੇ ਉਹ ਜਾਣਦੇ ਹਨ ਕਿ ਇਨ੍ਹਾਂ ਦੀ ਨਿਗਾਹ ਵਿਚ ਉਹੋ ਹੀ ਕੀਰਤਨੀਆ ਵਧੀਆ ਕਲਾਕਾਰ ਹੈ ਜੋ ਸੰਗਤ ਨੂੰ ਪ੍ਰਸੰਨ ਕਰ ਸਕੇ। ਏਸ ਲਈ ਇਹ ਆਮ ਵੇਖਣ ਵਿਚ ਆਇਆ ਹੈ ਕਿ ਰਾਗੀ ਸਜਣ ਕਲਾਸੀਕਲ ਨੂੰ ਤਿਆਗਣ ਦੀ ਦੌੜ ਵਿਚ ਇਕ ਦੂਜੇ ਤੋਂ ਅਗੇ ਨਿਕਲ ਜਾਣ ਦੀ ਕੋਸ਼ਿਸ਼ ਕਰਦੇ ਹਨ। ਐਸੇ ਕੀਰਤਨੀਏ ਭੀ ਜਿਨ੍ਹਾਂ ਨੇ ਸੰਗੀਤ ਵਿਦਿਆ ਮਰਯਾਦਾ ਅਨੁਸਾਰ ਸਿੱਖੀ ਭੀ ਹੋਈ ਹੈ ਅਤੇ ਕਈ ਖਾਨਦਾਨੀ ਕੀਰਤਨੀਏ ਹਨ ਉਹ ਭੀ ਪ੍ਰਬੰਧਕਾਂ ਤੇ

ਸੰਗਤਾਂ ਦੀ ਰੁਚੀ ਅਨੁਸਾਰ ਹੀ ਕੀਰਤਨ ਕਰਨ ਲਈ ਮਜਬੂਰ ਹੋ ਚੁੱਕੇ ਹਨ। ਸੋ ਜਿਵੇਂ ਚੰਗੀ ਸੁਰ ਵਿਚ ਪਾਠੀ ਪਾਠ ਕਰਕੇ ਸੰਗਤਾਂ ਨੂੰ ਪ੍ਰਸੰਨ ਕਰ ਲੈਂਦਾ ਹੈ, ਉਸੇ ਤਰ੍ਹਾਂ ਪਾਠ ਨਾਲੋਂ ਬਹੁਤ ਘੱਟ ਰਫਤਾਰ ਵਿਚ ਫਿਲਮੀ ਟਿਊਨਾਂ ਦੀਆਂ ਆਵਾਜ਼ਾਂ ਵਿਚ ਲਪੇਟ ਕੇ ਗੁਰਬਾਣੀ ਲੋਕਾਂ ਨੂੰ ਸੁਣਾਈ ਜਾਂਦੀ ਹੈ। ਸੋ ਜੇਕਰ ਪ੍ਰਬੰਧਕਾਂ ਨੂੰ ਕੀਰਤਨ ਦੀ ਕਲਾ ਸੁਰਜੀਤ ਰਖਣ ਦੀ ਹੀ ਇੱਛਾ ਹੋਵੇ ਤਾਂ ਪ੍ਰਬੰਧਕ ਲੋਕਾਂ ਦੀ ਬਹੁਤੀ ਜਾਂ ਘੱਟ ਗਿਣਤੀ ਦੇ ਅਸਰ ਤੋਂ ਆਪਣੇ ਮਨਾਂ ਨੂੰ ਮੁਕਤ ਕਰਨ। ਕੀਰਤਨ ਦਰਬਾਰ ਵਿਚ ਬੇਸ਼ਕ ਥੋਹੜੇ ਜਥਿਆਂ ਨੂੰ ਬੁਲਾਉਣ ਪਰ ਉਨ੍ਹਾਂ ਨੂੰ ਘਟ ਤੋਂ ਘਟ ਅਧਾ ਘੰਟਾ ਜਾਂ ਇਸ ਤੋਂ ਵੱਧ ਇਕ ਘੰਟਾ ਵਕਤ ਕੀਰਤਨ ਲਈ ਦਿੱਤਾ ਜਾਵੇ। ਪਰ ਇਕ ਪਾਬੰਦੀ ਲਾਈ ਜਾਵੇ ਕਿ ਮਿਲੇ ਵਕਤ ਦਾ ਪੂਰਾ ਅੱਧਾ ਵਕਤ ਉਹ ਕਲਾਸੀਕਲ ਸੰਗੀਤ ਰਾਹੀਂ ਗੁਰਬਾਣੀ ਸੁਨਾਉਣ ਤੇ ਕੋਈ ਪੜਤਾਲ, ਧਰੁਪਦ ਤੇ ਵਡੇ ਤਾਲਾਂ ਵਿਚ ਗੁਰਬਾਣੀ ਗਾਇਨ ਕਰਨ। ਬਾਕੀ ਅੱਧਾ ਸਮਾਂ ਉਹ ਸਾਧਾਰਨ ਕੀਰਤਨ ਕਰਨ। ਇਸ ਨਾਲ ਸੰਗਤਾਂ ਆਪਣੀ ਬਣੀ ਰੁਚੀ ਅਨੁਸਾਰ ਭੀ ਕੀਰਤਨ ਦਾ ਅਨੰਦ ਮਾਣ ਸਕਦੀਆਂ ਹਨ ਤੇ ਉਨ੍ਹਾਂ ਨੂੰ ਗੁਰਮਤਿ ਸੰਗੀਤ ਸੁਣਨ ਦੀ ਭੀ ਆਦਤ ਪੈ ਜਾਵੇਗੀ ਤੇ ਇਹ ਵਿਦਿਆ ਸੁਰਜੀਤ ਰਹਿ ਸਕੇਗੀ ਨਹੀਂ ਤਾਂ ਹੋਰ ਆਉਣ ਵਾਲੇ ਦਸਾਂ ਵੀਹਾਂ ਬਰਸਾਂ ਵਿਚ ਗੁਰਮਤਿ ਸੰਗੀਤ ਵਿਦਿਆ ਦਾ ਖਾਤਮਾ ਹੀ ਸਮਝੋ।

## ਕੀਰਤਨ ਦੀ ਵਿਦਿਆ ਨੂੰ ਨੁਕਸਾਨ ਦੇ ਕਾਰਨ ਤੇ ਕੁਝ ਸੁਝਾਵ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੫੮੯੪ ਸ਼ਬਦ ਹੈਨ ਤੇ ਇਨ੍ਹਾਂ ਸਾਰੇ ਸ਼ਬਦਾਂ ਦੀਆਂ ਅਤੇ ਦਸਮ ਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਬੇਅੰਤ ਸ਼ਬਦਾਂ ਦੀਆਂ ਵਡੇ ਛੋਟੇ ਤਾਰਾਂ ਵਿਚ ਰੀਤਾਂ (ਟਿਊਨਾ) ਸਨ। ਪੁਰਾਣੇ ਰਾਗੀ ਤੇ ਰਬਾਬੀਆਂ ਨੂੰ ਹਜ਼ਾਰਾਂ ਰੀਤਾਂ ਯਾਦ ਸਨ ਜੋ ਘਟਦੀਆਂ ਘਟਦੀਆਂ ਸੈਂਕੜਿਆਂ ਤਕ ਤੇ ਅਜ ਕਲ ਦਹਾਕਿਆਂ ਤਕ ਪਹੁੰਚ ਚੁਕੀਆਂ ਹਨ। ਅਸਾਂ ਬਹੁਤ ਛੋਟੀ ਉਮਰ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਬਾਬਾ ਲਾਭ ਸਿੰਘ, ਬਾਬਾ ਜਵਾਹਰ ਸਿੰਘ ਤੇ ਬਾਬਾ ਮੱਖਣ ਸਿੰਘ ਜੀ ਦੇ ਕੀਰਤਨੀ ਜਥੇ ਪਾਸੋਂ ਕਈ ਵਾਰ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸੁਣਿਆ। ਉਹ ਸਿਰੰਦੇ ਤੇ ਤਾਊਸ ਵਜਾ ਕੇ ਚੌਵੀ ਛੰਦਾ ਸਲੋਕਾਂ ਨਾਲ ਚੌਵੀ ਹੀ ਸ਼ਬਦ ਰੀਤ ਗਾਇਆ ਕਰਦੇ ਸਨ ਤੇ ਇਕ ਵਾਰੀ ਗਾਏ ਸ਼ਬਦ ਦੀ ਵਾਰੀ ਕਈ ਮਹੀਨਿਆਂ ਪਿਛੋਂ ਆਉਂਦੀ ਸੀ। ਅਜ ਕਲ ਦਾ ਮੰਨਿਆ ਪ੍ਰਮੰਨਿਆ ਕੀਰਤਨੀਆ ਜੇ ਦੋ ਚਾਰ ਮਿੰਟ ਕਲਾਸੀਕਲ ਗਾਉਂਦਾ ਭੀ ਹੈ ਤੇ ਕੇਵਲ ਤਿਨ ਤਾਰ ਹੀ ਗਾਕੇ, ਦੋ

ਤਿੰਨ ਤਾਨਾਂ ਨਾਟਕੀ ਢੰਗ ਦੀਆਂ ਮਾਰ ਕੇ ਬਸ ਛੁੱਟੀ ਕਰ ਦੇਂਦਾ ਹੈ। ਸ਼ਬਦ ਰੀਤ ਵਲੋਂ ਤਾਂ ਇਸਦਾ ਦਿਵਾਲਾ ਹੀ ਨਿਕਲਿਆ ਜਾਪਦਾ ਹੈ ਜੇ ਕਦੇ ਹਫਤਾ ਭਰ ਲਗਾਤਾਰ ਇਕੋ ਸਟੇਜ ਤੇ ਕੀਰਤਨ ਕਰਨਾ ਪਵੇ ਤਾਂ ਉਨਾਂ ਦੀਆਂ ਰੀਤਾਂ ਤੇ ਜ਼ਬਾਨੀ ਯਾਦ ਕੀਤੇ ਸ਼ਬਦ ਸ਼ੈਦ ਹਫਤੇ ਵਿਚ ਹੀ ਦੋਬਾਰਾ ਤਿਬਾਰਾ ਪੜਨੇ ਪੈਣ। ਜਾਪਦਾ ਹੈ ਕਿ ਹੋਰ ਦਸਾਂ ਸਾਲਾਂ ਤਕ ਪ੍ਰਾਚੀਨ ਸ਼ਬਦ ਰੀਤਾਂ ਦੀ ਗਿਣਤੀ ਰਾਗੀਆਂ ਦੇ ਦਿਮਾਗ ਵਿਚ ਸਿਫਰ ਦੇ ਬਰਾਬਰ ਹੀ ਹੋ ਜਾਵੇਗੀ। ਨਾ ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਵਾਲੀ ਗਲ ਬਣ ਜਾਂਦੀ ਹੈ। ਇਸ ਪ੍ਰਥਾਏ ਦੋ ਪ੍ਰਸਿਧ ਕੀਰਤਨੀਆਂ ਨਾਲ ਹੋਈ ਗਲਬਾਤ ਇਸ ਤਰ੍ਹਾਂ ਹੈ। ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਰਾਗੀ ਨੇ ਅਕਾਲ ਚਲਾਣਾ ਕਰਨ ਤੋਂ ਇਕ ਮਹੀਨਾ ਪਹਿਲਾਂ ਵੀਚਾਰ ਵਟਾਂਦਰਾ ਕਰਦਿਆਂ ਹੋਇਆਂ ਬੜੇ ਦੁਖੀ ਦਿਲ ਨਾਲ ਇਹ ਗਲ ਆਖੀ ਸੀ ਕਿ ਹੁਣ ਤਾਂ ਦਿਲ ਕਰਦਾ ਹੈ ਕਿ ਭਾਈ ਲਾਲ ਜੀ ਅਤੇ ਭਾਈ ਸਾਂਈ ਦਿੱਤਾ ਵਰਗੇ ਵਿਦਵਾਨਾਂ ਪਾਸੋਂ ਕਈ ਸਾਲਾਂ ਵਿਚ ਸਿਖੀ ਹੋਈ ਸਾਰੀ ਕੀਰਤਨ ਦੀ ਵਿਦਿਆ ਨੂੰ ਆਪਣੇ ਦਿਮਾਗ ਵਿਚੋਂ ਧੋ ਕੇ ਬਾਹਰ ਕਢ ਦੇਈਏ ਤੇ ਨਵੇਂ ਸਿਰੇ ਤੋਂ ਅਜ ਕਲ ਦੇ ਪ੍ਰਚਲਤ ਢੰਗ ਵਾਲਾ ਕੀਰਤਨ ਕੇਵਲ ਦੋ ਚਾਰ ਮਹੀਨਿਆਂ ਵਿਚ ਸਿੱਖ ਲਈਏ। ਐਸਾ ਹੀ ਜ਼ਿਕਰ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਨੇ ਕੀਤਾ। ੧੯੭੧ ਵਿਚ ਵਲਾਇਤ ਜਾਣ ਤੋਂ ਪਹਿਲਾਂ ਸਾਨੂੰ ਪਤਾ ਲਗਾ ਕਿ ਭਾਈ ਸਾਹਿਬ ਜੀ ਸਖਤ ਬੀਮਾਰ ਹਨ। ਅਸੀਂ ਦਿੱਲੀ ਤੋਂ ਲੁਧਿਆਣੇ ਉਨ੍ਹਾਂ ਦੇ ਦਰਸ਼ਨ ਕਰਨ ਗਏ। ਉਹ ਬਿਸਤਰੇ ਤੇ ਲੇਟੇ ਹੋਏ ਹੀ ਕਾਫੀ ਸਮਾਂ ਬਚਨ ਕਰਦੇ ਰਹੇ। ਉਸ ਵਕਤ ਲੁਧਿਆਣੇ ਸ਼ਹਿਰ ਵਿਚ ਇਕ ਐਸੇ ਰਾਗੀ ਸਿੰਘ ਦੀ ਜੈਜੈਕਾਰ ਹੋ ਰਹੀ ਸੀ ਜਿਸ ਦੀ ਗੁਰਮਤਿ ਸੰਗੀਤ ਬਾਰੇ ਖੋਜ ਤੇ ਮਿਹਨਤ ਸਿਫਰ ਦੇ ਬਰਾਬਰ ਹੀ ਸੀ। ਭਾਈ ਸਾਹਿਬ ਜੀ ਨੇ ਸੰਗਤਾਂ ਦੀ ਸੂਝ ਬੂਝ ਵਿਚ ਇਤਨਾ ਸਸਤਾ ਪਨ ਅਨੁਭਵ ਕਰਕੇ ਬੜੇ ਦੁਖੀ ਦਿਲ ਨਾਲ ਇਹ ਅਖਰ ਆਖੇ ਸੀ ਕਿ ਹੁਣ ਕੀਰਤਨ ਦੀ ਵਿਦਿਆ ਦਾ ਤਾਂ ਭੋਗ ਹੀ ਪਿਆ ਸਮਝੋ।

ਇਸ ਘਾਟੇ ਦੇ ਕੁਝ ਕਾਰਨ ਤਾਂ ਇਸੇ ਲੇਖ ਵਿਚ ਲਿਖੇ ਜਾ ਚੁੱਕੇ ਹਨ। ਕੁਝ ਹੋਰ ਕਾਰਨ ਤੇ ਕੁਝ ਸੁਝਾਵ ਇਥੇ ਦਿੱਤੇ ਜਾਂਦੇ ਹਨ। ਪਹਿਲਾ ਵੱਡਾ ਕਾਰਨ ਸ੍ਰੋਤਿਆਂ ਦੇ ਕੰਨ ਫਿਲਮੀ ਸੁਰਾਂ ਦੇ ਆਦੀ ਹੋ ਜਾਣ ਕਰਕੇ ਉਨ੍ਹਾਂ ਹੀ ਸੁਰਾਂ ਵਿਚ ਬਾਣੀ ਦਾ ਕੀਰਤਨ ਸੁਣਨ ਦੇ ਇੱਛਕ ਹੋ ਚੁਕੇ ਹੈਨ ਤੇ ਇਹ ਢੰਗ ਕੀਰਤਨੀਆਂ ਲਈ ਭੀ ਬਹੁਤ ਘਟ ਮੇਹਨਤ ਵਾਲਾ ਹੈ।

ਇਉਂ ਜਾਪਦਾ ਹੈ ਕਿ ਸਿਖ ਸੰਗਤਾਂ ਗੁਰੂ ਆਸ਼ੇ ਨੂੰ ਬਿਲਕੁਲ ਹੀ ਭੁਲਾਈ ਜਾ ਰਹੀਆਂ ਹਨ। ਸਤਿਗੁਰੂ ਸਾਹਿਬਾਨ ਨੇ ਤਾਂ ਰਾਗਾਂ ਵਿਚ ਗੁਰਬਾਣੀ ਰੱਚ ਕੇ ਰਾਗਾਂ ਵਿਚ ਬਾਣੀ ਦੇ ਕੀਰਤਨ ਨੂੰ ਸਿਮਰਨ ਤੇ ਪ੍ਰਭੂ ਭਗਤੀ ਦਾ ਦਰਜਾ

ਦਿੱਤਾ ਸੀ। ਇਸ ਵਾਸਤੇ "**ਗੁਰਸਿਖ ਮੀਤ ਚਲਹੁ ਗੁਰਚਾਲੀ**" (ਧਨਾਸਰੀ ਮਹਲਾ ੪ ਪੰਨਾ ੬੬੭-੬੮) ਦੇ ਮਹਾਂਵਾਕ ਅਨੁਸਾਰ ਸਤਿਗੁਰੂ ਜੀ ਦੀਆਂ ਪੂਰਨ ਖੁਸ਼ੀਆਂ ਤਾਂ ਉਨ੍ਹਾਂ ਹੀ ਸਿੱਖਾਂ ਨੂੰ ਪ੍ਰਾਪਤ ਹੋ ਸਕਣਗੀਆਂ ਜੋ ਕਿ ਗੁਰੂ ਸਾਹਿਬਾਨ ਦੀ ਮਰਯਾਦਾ ਅਨੁਸਾਰ ਰਾਗਾਂ ਵਿਚ ਕੀਰਤਨ ਸੁਣਨਗੇ। ਪਾਠ ਨੁਮਾ ਕੀਰਤਨ ਸੁਣਨ ਨਾਲ ਤਾਂ ਅਧੂਰੀਆਂ ਖੁਸ਼ੀਆਂ ਹੀ ਪ੍ਰਾਪਤ ਹੋ ਸਕਣਗੀਆਂ। ਸੋ ਇਸ ਬਖਸ਼ਿਸ਼ ਪ੍ਰਾਪਤ ਕਰਨ ਦੇ ਚਾਹਵਾਨਾਂ ਲਈ ਕੰਨਾਂ ਦਾ ਰਸ ਸੁਧਾਰਨਾ ਪਵੇਗਾ ਤੇ ਇਸ ਨਾਲ ਕੀਰਤਨ ਕਲਾ ਨੂੰ ਕਾਫੀ ਲਾਭ ਪਹੁੰਚ ਸਕੇਗਾ।

ਦੂਸਰਾ ਕਾਰਨ - ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ ਦੇ ਮਹੰਤਾਂ ਵਿਚ ਹੋਰ ਭਾਵੇ ਕਈ ਔਗੁਣ ਹੋਣਗੇ ਪਰ ਇਕ ਸਿਫਤ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਉਹ ਲੋਕ ਖੁਦ ਕਥਾ ਤੇ ਕੀਰਤਨ ਦੀ ਵਿਦਿਆ ਵਿਚ ਗੁਣਵਾਨ ਹੁੰਦੇ ਸਨ ਤੇ ਵਿਦਵਾਨਾਂ ਦੇ ਕਦਰਦਾਨ ਹੁੰਦੇ ਸਨ। ਉਨ੍ਹਾਂ ਦੇ ਵਕਤਾਂ ਵਿਚ ਇਤਿਹਾਸਕ ਗੁਰਦੁਆਰਾ ਅਸਥਾਨਾਂ ਅੰਦਰ ਵਿਦਵਾਨ ਰਾਗੀ ਤੇ ਰਬਾਬੀ ਕੀਰਤਨ ਕਰਿਆ ਕਰਦੇ ਸਨ। ਗੁਰੁਦੁਆਰਾ ਐਕਟ ਬਣਨ ਨਾਲ ਪ੍ਰਬੰਧਕ ਵੋਟਾਂ ਨਾਲ ਚੁਣੇ ਜਾਣ ਲਗ ਪਏ। ਪਹਿਲਾਂ ਪਹਿਲਾਂ ਤਾਂ ਪ੍ਰਬੰਧ ਵਿਚ ਉਹ ਸਿੰਘ ਆਏ ਜੋ ਕਿ ਸਿੰਘ ਸਭਾ ਦੀ ਲਹਿਰ ਵਿਚ ਸਿੰਘ ਸਜੇ ਤੇ ਪੁਰਾਤਨ ਸੰਸਕਾਰਾਂ ਦੇ ਮੁਤਾਬਕ ਉਹ ਗੁਰਮਤਿ ਵਿਦਿਆ ਦੇ ਜਾਣੂ ਹੁੰਦੇ ਸਨ। ਉਨਾਂ ਦਾ ਕੰਨਾ ਦਾ ਰਸ ਭੀ ਸ਼ੁੱਧ ਸੀ। ਹੌਲੇ ਹੌਲੇ ਉਹ ਜਿਵੇਂ ਜਿਵੇਂ ਵਾਹਿਗੁਰੂ ਨੂੰ ਪਿਆਰੇ ਹੁੰਦੇ ਗਏ ਨਵੀਂ ਪਨੀਰੀ ਵਿਚੋਂ ਪ੍ਰਬੰਧਕ ਜਮਾਤ ਵਿਚ ਉਹ ਲੋਕ ਆ ਗਏ ਜਿਨ੍ਹਾਂ ਦੀ ਧਾਰਮਿਕ ਖੋਜ ਬਿਲਕੁਲ ਹੀ ਨਹੀਂ। ਵੋਟਾਂ ਦੀ ਪ੍ਰਾਪਤੀ ਨੂੰ ਹੀ ਮੁੱਖ ਪੰਥਕ ਸੇਵਾ ਸਮਝਿਆ ਜਾਣ ਲਗ ਪਿਆ। ਗੁਰਦੁਆਰਾ ਪ੍ਰਬੰਧ ਵਿਚ ਆਉਣ ਨੂੰ ਅਸੈਂਬਲੀਆਂ ਲਈ ਇਕ ਪੌੜੀ ਹੀ ਸਮਝਿਆ ਜਾਣ ਲਗ ਪਿਆ। ਹਾਲਤ ਐਸੀ ਹੋ ਗਈ ਕਿ ਸਿਆਸਤ ਦੇ ਥਲੇ ਧਰਮ ਦਾ ਸਾਹ ਘੁੱਟਣ ਲਗ ਪਿਆ। ਪ੍ਰਬੰਧਕਾਂ ਨੂੰ ਸਿਆਸੀ ਗਠ ਜੋੜਾਂ ਤੇ ਅੰਦਰੂਨੀ ਪਾਰਟੀਬਾਜ਼ੀ ਦੇ ਧੰਦਿਆਂ ਤੇ ਹੀ ਆਪਣਾ ਸਾਰਾ ਵਕਤ ਤੇ ਦਿਮਾਗੀ ਸ਼ਕਤੀ ਖਰਚ ਕਰਨੀ ਪੈਂਦੀ ਹੈ। ਯਥਾ ਰਾਜਾ ਤਥਾ ਪਰਜਾ ਦੀ ਕਹਾਵਤ ਅਨੁਸਾਰ ਕਥਾ ਕੀਰਤਨ ਕਰਨ ਵਾਲੀ ਧਾਰਮਿਕ ਸ਼੍ਰੇਣੀ ਨੇ ਭੀ ਇਹੋ ਜਾਣ ਲਿਆ ਕਿ ਗੁਰਦੁਆਰਿਆਂ ਵਿਚ ਸੇਵਾ ਕਰਨ ਲਈ ਸੰਗੀਤ ਵਿਦਿਆ ਦੀ ਮੇਹਨਤ ਜਾਂ ਕਥਾ ਲਈ ਮੇਹਨਤ ਦੀ ਜ਼ਰੂਰਤ ਨਹੀਂ ਰਹੀ। ਕੇਵਲ ਪਾਰਟੀ ਬਾਜ਼ੀ ਵਿਚ ਹਿਸਾ ਲੈਣ ਨਾਲ ਤੇ ਲੋਕਾਂ ਦੀ ਰੁਚੀ ਅਨੁਸਾਰ ਕੀਰਤਨ ਤੇ ਕਥਾ ਵਿਚ ਕੇਵਲ ਨਾਟਕੀ ਜਿਹਾ ਢੰਗ ਅਪਨਾਉਣ ਨਾਲ ਹੀ ਕਾਰਜ ਫਤਹ ਹੋ ਜਾਂਦਾ ਹੈ। ਅਜ ਤੋਂ ਕਰੀਬਨ ਪੰਜਾਹ ਕੁ ਸਾਲ ਪਹਿਲਾ ਦਾ ਜ਼ਿਕਰ ਹੈ। ਅੰਮ੍ਰਿਤਸਰ

ਦੀਪਮਾਲਾ ਦੇ ਮੇਲੇ ਸਮੇਂ ਗੁਰਦੁਵਾਰਾ ਮੰਜੀ ਸਾਹਿਬ ਸਾਡੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਮੈਂ ਵਿਆਖਿਆ ਵਿਚ ਫਿਲਮੀ ਤਰਜਾਂ ਤੇ ਸ਼ਬਦ ਗੌਣ ਨੂੰ ਗੁਰਮਤੀ ਸਿਧਾਂਤ ਦੇ ਵਿਰੁਧ ਕਿਹਾ। ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਕਥਾ ਹੋਈ ਫਿਰ ਇਕ ਐਸੇ ਜਥੇ ਦਾ ਨਾਮ ਸਟੇਜ ਸਕੱਤਰ ਨੇ ਬੋਲਿਆ ਤੇ ਨਾਲ ਹੀ ਤਾਕੀਦ ਕੀਤੀ ਕਿ ਇਥੇ ਫਿਲਮੀ ਤਰਜਾਂ ਗੌਣ ਦੀ ਮਨਾਹੀ ਹੈ। ਉਸ ਰਾਗੀ ਜਥੇ ਦੇ ਜਥੇਦਾਰ ਨੇ ਉਤਰ ਦਿਤਾ ਕਿ ਐਸਾ ਹੀ ਹੋਵੇਗਾ ਅਸੀਂ ਫਿਲਮੀ ਤਰਜਾਂ ਗੌਣ ਦੇ ਖੁਦ ਵਿਰੋਧੀ ਹਾਂ। ਪਰ ਸਾਨੂੰ ਪਤਾ ਸੀ ਕਿ ਉਹ ਨਿਰੋਲ ਸੁਧ ਫਿਲਮੀ ਤਰਜ਼ਾਂ ਹੀ ਜਾਣਦੇ ਹੈਨ। ਰਾਗੀ ਜਥੇ ਨੇ ਫਿਲਮੀ ਤਰਜਾਂ ਵਿਚ ਹੀ ਘੰਟਾ ਭਰ ਕੀਰਤਨ ਕੀਤਾ ਉਨਾਂ ਤੋਂ ਪਿਛੋਂ ਸਟੇਜ ਸਕੱਤਰ ਨੇ ਉਸ ਜਥੇ ਦੀ ਭਰਪੂਰ ਪ੍ਰਸੰਸਾ ਕੀਤੀ ਤੇ ਕਿਹਾ ਕਿ ਭਾਈ ਸਾਹਿਬ ਨੇ ਸਾਡੀ ਬੇਨਤੀ ਪਰਵਾਨ ਕਰਕੇ ਕੋਈ ਫਿਲਮੀ ਤਰਜ਼ ਗਾਈ ਹੀ ਨਹੀਂ। ਸਾਨੂੰ ਬੜਾ ਹਾਸਾ ਆਇਆ ਮੈਂ ਉਸ ਜਥੇ ਨੂੰ ਕਿਹਾ ਕਿ ਤੁਸੀਂ ਗਾਈਆਂ ਭੀ ਫਿਲਮੀ ਤਰਜ਼ਾ ਤੇ ਸਕੱਤਰ ਪਾਸੋਂ ਪ੍ਰਸੰਸਾ ਭੀ ਬਹੁਤ ਪ੍ਰਾਪਤ ਕਰ ਲਈ। ਉਸ ਦੇ ਉਤਰ ਦੇ ਏਹ ਸ਼ਬਦ ਸੀ ਇਹਨਾਂ ਮੂਰਖਾਂ ਨੂੰ ਕੀ ਸਮਝ ਹੈ। ਨਾ ਇਹਨਾਂ ਕਦੇ ਫਿਲਮ ਦੇਖੀ ਨਾ ਕੋਈ ਤਰਜ਼ ਸੁਣੀ। ਮੈਨੂੰ ਐਉ ਪਰਤੀਤ ਹੁੰਦਾ ਹੈ ਕਿ ਰਾਗੀ ਸਿੰਘਾਂ ਨੇ ਭੈਰਵੀ ਤੇ ਕਹਰਵੇ (ਤਲਵਾੜੇ) ਦਾ ਪੱਕਾ ਅਨੰਦ ਕਾਰਜ ਹੀ ਕਰਵਾ ਛਡਿਆ ਹੈ। ਪਰਮ ਪੂਜਨੀਕ ਸੰਤ ਸੁੱਚਾ ਸਿੰਘ ਜੀ ਜਵੱਧੀ ਲੁਦੇਹਾਣੇ ਵਾਲਿਆਂ ਨੇ ਕਰੀਬਨ ੬-੭ ਸਾਲਾਂ ਤੋਂ ਭੈਰਵੀ ਤੇ ਤਲਵਾੜੇ ਦਾ ਆਪੋ ਵਿਚ ਤਲਾਕ ਕਰਵਾਣ ਦੀਆਂ ਕੋਸ਼ਿਸ਼ਾਂ ਅਰੰਭ ਕੀਤੀਆਂ ਹੋਈਆਂ ਹੈਨ ਪਰ ਮੈਨੂੰ ਸਫਲਤਾ ਦੀ ਪ੍ਰਾਪਤੀ ਨਹੀਂ ਦਿਸ ਰਹੀ, ਇਸ ਵਿਚ ਸੰਤ ਜੀ ਦਾ ਕੋਈ ਦੋਸ਼ ਨਹੀਂ। ਉਹ ਤਾਂ ਹਰ ਸਾਲ ਵਿਦਵਾਨ ਰਾਗੀਆਂ ਨੂੰ ਬੁਲਾ ਬੁਲਾ ਕੇ ਉਨਾਂ ਦਾ ਵੱਧ ਤੋਂ ਵੱਧ ਸਤਿਕਾਰ ਕਰਦੇ ਰਹਿੰਦੇ ਹੈਨ ਸੰਤ ਜੀ ਦੀ ਕੋਸ਼ਿਸ਼ ਤਾਂ ਸ਼ਲਾਘਾ ਯੋਗ ਹੈ ਇਸ ਵਿਚ ਦੋਸ਼ ਰਾਗੀ ਜਥਿਆ ਦਾ ਹੀ ਹੈ। ਰਾਗੀ ਜਥੇ ਜਵੱਧੀ ਵਿਚ ਤਾਂ ਜੋ ਰਾਗ ਗੌਣ ਦੀ ਉਨਾਂ ਦੇ ਜ਼ਿਮੇਂ ਡਿਊਟੀ ਲਾਈ ਜਾਂਦੀ ਹੈ ਦੋ ਚਾਰ ਦਿਨ ਮੇਹਨਤ ਕਰਕੇ ਡਿਊਟੀ ਨਿਭਾ ਕੇ ਸੰਤ ਜੀ ਤੇ ਸੰਗਤਾਂ ਪਾਸੋਂ ਪ੍ਰਸੰਸਾ ਪ੍ਰਾਪਤ ਕਰ ਲੈਂਦੇ ਹੈਨ ਪਰ ਅਪਣਾ ਪੱਕ ਚੁਕਾ ਸੁਭਾਵ ਨਹੀਂ ਬਦਲਦੇ। ਚਾਹੀਦਾ ਏਹ ਸੀ ਕਿ ਇਸੇ ਲੇਖ ਵਿਚ ਦਿਤੇ ਸੁਝਾਵ ਮੁਤਾਬਿਕ ਸਦਾ ਲਈ ਗੁਰਮਤਿ ਸੰਗੀਤ ਅਨੁਸਾਰ ਰਾਗੀ ਸਜਨ ਕੀਰਤਨ ਕਰਿਆ ਕਰਨ। ਜੋ ਰਾਗੀ ਜਥੇ ਬਹਾਨਾ ਬਣੌਂਦੇ ਹੈਨ ਕਿ ਸੰਗਤਾਂ ਉਸ ਪੁਰਾਣੇ ਟਾਈਪ ਦੇ ਕੀਰਤਨ ਨੂੰ ਸੁਣਨਾ ਪਸੰਦ ਨਹੀਂ ਕਰਦੀਆਂ ਉਹ ਬਹਾਨਾ ਐਵੇ ਫਜ਼ੂਲ ਹੀ ਹੈ, ਦਾਖੀਂ ਹੱਥ ਨਾ ਅਪੜੇ ਕਹਿਦਾ ਥੂ ਕੌੜੀ (ਭਾਈ ਗੁਰਦਾਸ ਜੀ) ਵਾਲੀ ਬਾਤ ਹੀ ਹੈ। ਮੇਰਾ ਤਾਂ ਜ਼ਿੰਦਗੀ ਦਾ ਤਜਰਬਾ

ਹੈ ਇਕ ਵਾਰੀ ਅਮਰੀਕਾ ਨਿਊ ਜਰਸੀ ਦੇ ਇਕ ਗੁਰਦੁਵਾਰੇ ੧੯੮੫ ਸੰਨ ਵਿਚ ਇਕ ਗੁਰਪੁਰਬ ਤੇ ਸਾਡੇ ਜਥੇ ਨੂੰ ਬੁਲੌਣ ਦਾ ਫੈਸਲਾ ਪ੍ਰਬੰਧਕਾਂ ਨੇ ਕੀਤਾ ਉਸ ਵੇਲੇ ਉਥੇ ਦੋ ਜਥੇ ਇਧਰੋਂ ਗਏ ਹੋਏ ਤੇ ਇਕ ਉਥੇ ਦਾ ਸਥਾਨਕ ਜਥਾ ਹਾਜਰ ਸੀ ਉਨਾਂ ਨੇ ਇਕੋ ਜੁਬਾਨ ਪ੍ਰਬੰਧਕਾਂ ਨੂੰ ਕਿਹਾ ਕਿ ਅਜ ਕਲ ਉਸ ਜਥੇ ਨੂੰ ਕੋਣ ਸੁਣਦਾ ਹੈ ਉਹ ਪੁਰਾਣੀਆ ਬੰਦਸ਼ਾ ਹੀ ਗੌਂਦੇ ਹੈਨ। ਖੈਰ ਪ੍ਰਬੰਧਕਾਂ ਉਪਰ ਕੋਈ ਅਸਰ ਨਾ ਹੋਇਆ ਸਗੋਂ ਸਾਡੇ ਜਥੇ ਨੂੰ ਔਣ ਜਾਣ ਦੀਆਂ ਵਾਪਸੀ ਟਿਕਟਾਂ ਭੀ ਭੇਜੀਆਂ। USA ਵਿਚ ਨਿਊ ਜਰਸੀ ਦੇ ਹੀ ਇਕ ਹੋਰ ਗੁਰਦੁਵਾਰੇ ਵਿਚ ਸਾਡੇ ਦੌਰੇ ਸਮੇਂ ਸਾਨੂੰ ਹੋਰ ਗੁਰਪੁਰਬ ਤੇ ਕੀਰਤਨ ਲਈ ਬੁਲਾਇਆ ਤਾ ਉਥੇ ਕੁਦਰਤਨ ਉਨਾ ਜਥਿਆ ਵਿਚਲਾ ਇਕ ਜਥਾ ਭੀ ਆਇਆ ਹੋਇਆ ਸੀ। ਅਸਾਂ ਆਪਣੇ ਤਰੀਕੇ ਨਾਲ ਪਹਿਲੇ ਇਕ ਪੜਤਾਲ ਸੁਣਾਈ ਫਿਰ ਡੇਢ ਘੰਟਾ ਕੀਰਤਨ ਕੀਤਾ ਸੰਗਤਾਂ ਨੇ ਬਹੁਤ ਸਤਿਕਾਰ ਬਖਸ਼ਿਆ। ਪ੍ਰਬੰਧਕਾਂ ਨੇ ਫਿਰ ਦੋਬਾਰਾ ਦੀਵਾਨ ਵਿਚ ਪੁਰਾਤਨ ਬੰਦਸ਼ਾਂ ਨੂੰ ਸੁਣਨ ਵਾਸਤੇ ਉਚੇਚਾ ਪ੍ਰੋਗ੍ਰਾਮ ਅਨਾਂਊਸ ਕਰ ਦਿਤਾ। ਵਾਪਸੀ ਵੇਲੇ ਕੁਦਰਤਨ ਸਾਡੇ ਨਾਲ ਹੀ ਉਹ ਰਾਗੀ ਸਿੰਘ ਭੀ ਕਾਰ ਵਿਚ ਬੈਠਾ ਸੀ। ਮੈਂ ਉਸ ਨੂੰ ਉਹ ਗਲ ਤਾਂ ਨਾ ਚਿਤਾਰੀ ਪਰ ਏਹ ਆਖਿਆ ਕਿ ਭਾਈ ਸਾਹਿਬ ਹੋਰ ਕਈ ਰਾਗੀ ਜਥੇ ਸਾਡੇ ਤੇ ਫਤਵਾ ਦੇਂਦੇ ਹੈਨ ਕਿ ਇਨਾ ਪੁਰਾਤਨ ਰੀਤਾ ਨੂੰ ਕੋਈ ਸੁਣਦਾ ਨਹੀਂ ਸਾਡੇ ਵੀਚਾਰ ਵਿਚ ਤਾਂ ਆਇਆ ਹੈ ਕਿ ਪੁਰਾਤਨ ਰੀਤਾਂ ਪੜਤਾਲਾ ਧਰੁਪਦ ਆਦਕ ਸੰਗਤਾਂ ਨੂੰ ਸੁਨੋਣ ਦੀ ਜੁਗਤੀ ਔਣੀ ਚਾਹੀਦੀ ਹੈ ਤੁਹਾਡੇ ਸਾਹਮਣੇ ਪਰਤੱਖ ਨੂੰ ਕੋਈ ਪ੍ਰਮਾਣ ਨਹੀਂ ਰਹਿ ਗਿਆ ਸਾਡੇ ਪਾਸੋਂ ਪੁਰਾਤਨ ਬੰਦਸਾ ਸੁਣਨ ਲਈ ਸੰਗਤਾਂ ਤੇ ਪ੍ਰਬੰਧਕਾਂ ਨੇ ਉਚੇਚਾ ਦੋਬਾਰਾ ਪ੍ਰੋਗ੍ਰਾਮ ਕਰਵਾਇਆ ਹੈ। ਉਸ ਰਾਗੀ ਸਿੰਘ ਨੇ ਫਰਾਖ ਦਿਲੀ ਨਾਲ ਉਤਰ ਦਿਤਾ ਕਿ ਭਾਈ ਸਾਹਿਬ ਸਾਡੇ ਪਾਸ ਉਹ ਵਿਦਿਆ ਹੈ ਹੀ ਨਹੀਂ ਤੇ ਇਸ ਘਾਟੇ ਉਪਰ ਪਰਦਾ ਪੌਣ ਲਈ ਅਸਾਂ ਲੋਕਾਂ ਏਹੋ ਕਹਿਣਾ ਹੈ ਕਿ ਇਨਾਂ ਰੀਤਾਂ ਨੂੰ ਕੋਈ ਸੁਣਦਾ ਨਹੀਂ। ਏਥੇ ਅਪਣੇ ਜ਼ਾਤੀ ਤਜਰਬੇ ਦੀਆਂ ਕੁਛ ਘਟਨਾਵਾਂ ਲਿਖ ਰਿਹਾ ਹਾਂ।। ਪਾਠਕ ਏਹ ਨਾ ਸਮਝਣ ਕਿ ਅਪਣੇ ਮੂੰਹੋ ਮੀਆਂ ਮਿਠੂ ਬਣਨ ਵਾਲੀ ਇੱਛਾ ਹੈ। ਕੇਵਲ ਉਨ੍ਹਾਂ ਰਾਗੀਆਂ ਦਾ ਭਰਮ ਕਿ ਪੁਰਾਤਨ ਬੰਦਸ਼ਾਂ ਕੋਈ ਸੁਣਦਾ ਨਹੀਂ ਦੂਰ ਕਰਨ ਦਾ ਯਤਨ ਹੀ ਹੈ ਕਿਉਂਕਿ ਕੀਰਤਨ ਨੂੰ ਕਿਰਤ ਦੇ ਤੌਰ ਤੇ ਕਰਨ ਵਾਲੇ ਰਾਗੀ ਸਿੰਘ ਦਾ ਗੁਰੂ ਤੇ ਗੁਰੂ ਸ਼ਬਦ ਪ੍ਰਤੀ ਫਰਜ ਬਣਦਾ ਹੈ।

ਸਾਡੇ ਜਥੇ ਨੂੰ ਆਸਾਮ ਜੋਰ ਹਾਟ ਵਿਖੇ ਜੇਠ ਸੁਦੀ ਚੋਥ ਦੇ ਪੁਰਬ ਤੇ ਬੁਲਾਇਆ ਸੀ। ਗੁਰਪੁਰਬ ਤੋਂ ਪਿਛੋਂ ਆਸਾਮ ਦੇ ਸਾਰੇ ਵੱਡੇ ਵੱਡੇ ਸਹਿਰਾਂ ਦੀਆਂ ਸਿਖ ਸੰਗਤਾਂ ਦੇ ਦਰਸ਼ਨ ਕੀਤੇ ਸਨ ਇਕ ਰਈਸ ਦੇ ਘਰ ਕੀਰਤਨ

ਕੀਤਾ। ਉਸ ਦਾ ਇਕ ਮਿਤਰ ਜੋ ਸ਼ਾਸਤਰੀ ਸੰਗੀਤ ਦਾ ਵਿਦਵਾਨ ਗਵਯੀਆ ਸੀ ਸਰਦਾਰ ਦੀ ਪ੍ਰੇਰਨਾ ਸਦਕਾ ਦੀਵਾਨ ਵਿਚ ਆਇਆ। ਦੋ ਘੰਟੇ ਦੇ ਕੀਰਤਨ ਸਮੇਂ ਅਸਾਂ ਤਿਨ ਚਾਰ ਪੜਤਾਲਾਂ ਧਰੁਪਦ ਭੀ ਗੁਰ ਬਾਣੀ ਦੀਆਂ ਪੁਰਾਤਨ ਬੰਦਸ਼ਾਂ ਸੁਣਾਈਆਂ। ਦੀਵਾਨ ਦੇ ਸਮਾਪਤੀ ਉਪ੍ਰੰਤ ਉਸ ਨੇ ਜੋ ਰਿਮਾਰਕਸ ਉਸ ਰਈਸ ਸਰਦਾਰ ਦੇ ਸਾਹਮਣੇ ਸਾਨੂੰ ਦਿਤੇ ਉਹ ਏਹ ਸਨ, 'ਮੈਂ ਸਾਰੀ ਜਿੰਦਗੀ ਏਸ ਭੁਲੇਖੇ ਵਿਚ ਰਿਹਾ ਸੀ ਕਿ ਸਿਖਾਂ ਨੂੰ ਰਾਗ ਨਹੀਂ ਔਂਦਾ ਏਹ ਗੁਰਦਵਾਰਿਆਂ ਵਿਚ ਢੋਲਕੀ ਛੈਣੇ ਖੜਕਾ ਕੇ ਜਾਂ ਢੱਡ ਸਾਰੰਗੀ ਦੁਵਾਰਾ ਜਾਂ ਤਲਵਾੜਾ ਦਾਦਰਾ ਤਾਲਾਂ ਵਿਚ ਸਬਦ ਗਾਇਨ ਕਰਕੇ ਹੀ ਦਿਲ ਪਰਚਾਵਾ ਕਰ ਲੈਂਦੇ ਹੈਨ ਪਰ ਅਜ ਏਸ ਜਥੇ ਨੂੰ ਸੁਣਕੇ ਮੇਰਾ ਭੁਲੇਖਾ ਦੂਰ ਹੋ ਗਿਆ ਹੈ।'

ਦਿਲੀ ਬਹੁਤ ਸਾਰੇ ਸਮਾਗਮਾਂ ਵਿਚ ਅਤੇ ਰੇਡੀਓ ਤੋਂ ਭੀ ਮਹਾਨ ਸੰਗੀਤਕਾਰ ਸ੍ਰੀ ਮਾਨ ਬੇਦੀ ਦਲੀਪ ਚੰਦਰ ਨੂੰ ਕੀਰਤਨ ਸ੍ਰਵਨ ਕਰਨ ਦੇ ਮੋਕੇ ਮਿਲਦੇ ਰਹਿੰਦੇ ਸਨ ਤੇ ਉਸ ਵਲੋਂ ਸਾਨੂੰ ਅਸ਼ੀਰਵਾਦ ਦੇ ਕੇ ਸਾਡੀ ਹੌਸਲਾ ਅਫਜਾਈ ਹੁੰਦੀ ਰਹਿੰਦੀ ਸੀ। ਸਾਡੀ ਪ੍ਰਾਚੀਨ ਸ਼ਬਦ ਰੀਤ ਰਤਨਾਵਲੀ ਦੋ ਭਾਗਾਂ ਵਿਚ ਜਦੋਂ ਪੰਜਾਬੀ ਯੂਨੀਵਰਸਟੀ ਦੇ ਭਾਸ਼ਾ ਵਿਭਾਗ ਦੇ ਖਰਚੇ ਤੇ ਛੱਪ ਰਿਹਾ ਸੀ ਉਸ ਵਕਤ ਬੇਦੀ ਜੀ ਵਲੋਂ ਯੂਨੀਵਰਸਟੀ ਦੇ ਧੰਨਵਾਦ ਵਿਚ ਤੇ ਸਾਡੇ ਜਥੇ ਬਾਰੇ ਜੋ ਚਿੱਠੀ ਹਿੰਦੀ ਵਿਚ ਦਿਤੀ ਗਈ ਸੀ ਉਹ ਪੁਸਤਕ ਵਿਚ ਭੀ ਛਪ ਚੁਕੀ ਹੈ ਤੇ ਉਸ ਦੀ ਨਕਲ ਇਥੇ ਦਿਤੀ ਹੈ। ਪ੍ਰਸਿਧ ਵਿਦਵਾਨ ਸ੍ਰੀ ਵਿਲਾਇਤ ਖਾਨ ਉਨ੍ਹਾਂ ਦਿਨਾਂ ਵਿਚ ਜਦੋਂ ਪੁਸਤਕ ਛਪ ਰਹੀ ਸੀ ਚੰਡੀਗੜ ਆਪਣੇ ਇਕ ਪ੍ਰਮ ਮਿਤਰ ਸ. ਉਜਲ ਸਿੰਘ ਜੀ ਦੇ ਲੜਕੇ ਦੀ ਬ੍ਰਾਤ ਨਾਲ ਡੇਰਾਦੂਨ ਤੋਂ ਆਏ ਸਨ। ਉਸ ਨੇ ਤਿਨ ਘੰਟੇ ਬੈਠ ਕੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਸੀ ਉਸ ਦਾ ਦਿਤਾ ਸਰਟੀਫਿਕੇਟ ਭੀ ਸਾਡੀ ਰਚਿਤ ਸੰਗੀਤ ਦੀ ਪੁਸਤਕ ਵਿਚ ਛਪਿਆ ਸੀ ਤੇ ਉਸੇ ਦਾ ਉਤਾਰਾ ਇਥੇ ਭੀ ਦਿਤਾ ਜਾ ਰਿਹਾ ਹੈ।

ਇੰਡੀਅਨ ਕੌਂਸਲ ਫਾਰ ਸਿੱਖ ਅਫੇਰਜ਼ ਸੁਸਾਇਟੀ ਵਲੋਂ ਪੰਥ ਪ੍ਰਸਿਧ ਕਰੀਬਨ ਸਾਰੇ ਹੀ ਰਾਗੀ ਜਥਿਆਂ ਨੂੰ ਮੁਕਾਬਲੇ ਦੇ ਕੀਰਤਨ ਵਿਚ ਭਾਗ ਲੈਣ ਲਈ ਸੱਦੇ ਪਤਰ ਭੇਜੇ ਸਨ ਗਏ ਸਨ। ਕਮਾਨੀ ਹਾਲ ਵਿਚ ਤਿਨ ਦਿਨ ਰਾਗੀ ਜਥਿਆਂ ਨੇ ਕੀਰਤਨ ਕੀਤੇ ਸਨ ਇਸ ਵਿਚ ਵਡੇ ਵਡੇ ਤਾਲਾਂ ਵਿਚ ਸ਼ਬਦ ਰੀਤਾਂ ਅਤੇ ਪੜਤਾਲਾਂ ਧੁੰਨੀਆ ਆਦਕ ਗੌਣ ਦੀ ਹੀ ਸ਼ਰਤ ਸੀ ਮੁੱਖ ਜੱਜ ਸ੍ਰੀ ਬੇਦੀ ਦਲੀਪ ਚੰਦਰ ਜੀ ਸਨ। (ਨੋਟ : ਬੇਦੀ ਜੀ ਗੁਰਮਤ ਸੰਗੀਤ ਦੇ ਭੀ ਵਿਦਵਾਨ ਸਨ ਪਹਿਲੀ ਉਮਰ ਵਿਚ ਉਹ ਖੁਦ ਭੀ ਪੜਤਾਲਾਂ ਧਰੁਪਦ ਗਾਇਨ ਕਰਦੇ ਰਹੇ ਸਨ।) ਹੋਰ ਦੋ ਜੱਜ ਵਿਦਵਾਨ ਰਾਗੀ ਭਾਈ

ਪ੍ਰਤਾਪ ਸਿੰਘ ਜੀ ਤੇ ਪੂਜਨੀਕ ਭਾਈ ਸਾਹਿਬ ਭਾਈ ਅਸ਼ੋਕ ਸਿੰਘ ਜੀ ਬਾਗੜੀਆ ਵਾਲੇ ਸਨ। ਜੱਜਾਂ ਵਲੋਂ ਸਾਡੇ ਜਥੇ ਨੂੰ ਪ੍ਰਥਮ ਇਨਾਮ ਦਿਤੇ ਜਾਣਦਾ ਫੈਸਲਾ ਕੀਤਾ ਗਿਆ ਸੀ। ਉਹ ਇਨਾਮ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਹਥੋਂ ਪ੍ਰਾਪਤ ਹੋਇਆ ਸੀ। ਗਿਆਨੀ ਜੀ ਕੀਰਤਨ ਭੀ ਸੁਣਦੇ ਰਹੇ ਸਨ ਇਨਾਮ ਦੇਣ ਵੇਲੇ ਗਿਆਨੀ ਜੀ ਦੇ ਏਹ ਵਾਕ ਸਨ ਕਿ ਮੈਂ ਸਾਰੀ ਉਮਰ ਬਹੁਤ ਰਾਗੀ ਜਥਿਆਂ ਪਾਸੋਂ ਕੀਰਤਨ ਸ੍ਰਵਣ ਕਰਦਾ ਰਿਹਾ ਹਾਂ ਪਰ ਜੋ ਬੰਦਸ਼ਾ ਤੁਹਾਡੇ ਪਾਸੋਂ ਸੁਣੀਆ ਹੈਨ ਏਹ ਪਹਿਲੀ ਵਾਰੀ ਹੀ ਸੁਣੀਆ ਹੈਨ ਤੇ ਇਨਾਂ ਰੀਤਾਂ ਦਾ ਸੁਆਦ ਵੀ ਅਲੋਕਿਕ ਤੇ ਵਖਰਾ ਹੈ।

ਸੋ ਉਪ੍ਰੋਕਤ ਘਟਨਾਵਾਂ ਤੋਂ ਬਿਨਾਂ ਦੇਸਾਂ ਪਰਦੇਸਾਂ ਵਿਚ ਇਨਾਂ ਪੁਰਾਤਨ ਬੰਦਸ਼ਾ ਦਾ ਸਦਕਾ ਜੋ ਸਾਡੇ ਜਥੇ ਨੂੰ ਸੰਗਤਾਂ ਵਲੋਂ ਸਤਿਕਾਰ ਮਿਲਦਾ ਰਿਹਾ ਹੈ ਉਹ ਦਾਸਤਾਨਾਂ ਲੰਬੀਆਂ ਹੈਨ। ਸੰਨ ੧੯੯੨ ਦੇ ਸ਼ੁਰੂ ਵਿਚ ਕੈਨੇਡਾ ਜਾਣ ਕਾਰਨ ਜਥੇ ਦਾ ਸਾਥ ਛਡਣਾ ਪਿਆ। ਮਨ ਪਸੰਦ ਦਾ ਪੁਰਾਤਨ ਬੰਦਸ਼ਾ ਦੇ ਨਾਲ ਸਾਥ ਦੇਣ ਵਾਲਾ ਤਬਲਚੀ ਨਾ ਮਿਲਣ ਕਰਕੇ ਅਤੇ ਕੁਝ ਖਾਸ ਮਿਤਰਾਂ ਦੀ ਪ੍ਰੇਰਨਾ ਕਰਕੇ ਕਥਾ ਦੀ ਸੇਵਾ ਹੀ ਅਰੰਭ ਕਰ ਦਿਤੀ ਸੀ। ਮੇਰੇ ਵੀਰ ਸਤਿਕਾਰ ਯੋਗ ਭਾਈ ਅਵਤਾਰ ਸਿੰਘ ਜੀ ਨੂੰ ਹੁਣ ਤੱਕ ਪੁਰਾਤਨ ਬੰਦਸ਼ਾ ਵਿਚ ਕੀਰਤਨ ਸੁਣਨ ਲਈ ਦੇਸਾਂ ਪਰਦੇਸਾਂ ਦੀਆਂ ਸੰਗਤਾਂ ਵਲੋਂ ਸੱਦੇ ਪੱਤਰ ਭੇਜੇ ਜਾਂਦੇ ਹੈਨ। ਇਨ੍ਹਾਂ ਦਿਨਾਂ ਵਿਚ ਸ਼ਾਸਤਰੀ ਸੰਗੀਤ ਵਲੋਂ ਕਮਾਨੀ ਹਾਲ ਵਿਚ ਅਤੇ ਸ੍ਰੀਰਾਮ ਸੈਂਟਰ ਬੰਗਾਲੀ ਮਾਰਕੀਟ ਵਿਚ ਸਤਿਕਾਰ ਸਹਿਤ ਬੁਲਾ ਕੇ ਏਹ ਪੁਰਾਤਨ ਗੁਰਮਤੀ ਸੰਗੀਤ ਦੀਆਂ ਬੰਦਸ਼ਾਂ ਸੁਣੀਆਂ ਗਈਆਂ ਹਨ।

ਐਸਾ ਹੀ ਹਾਲ ਸਿੰਘ ਸਭਾਵਾਂ ਗੁਰਦੁਆਰਿਆਂ ਅੰਦਰ ਹੈ। ਗੁਰਦੁਆਰਾ ਕਮੇਟੀਆਂ ਦੇ ਦਫਤਰਾਂ ਵਿਚ ਕੋਈ ਟਾਵਾਂ ਸਜਣ ਹੀ ਰਹਿ ਗਿਆ ਹੈ ਜੋ ਧਾਰਮਿਕ ਬੰਦਿਆਂ ਦੀ ਇਜ਼ਤ ਕਰਦਾ ਹੈ। ਨਹੀਂ ਤਾਂ ਬਹੁ ਗਿਣਤੀ ਉਹ ਭੀ ਆਪਣੇ ਆਪ ਨੂੰ ਹਾਕਮ ਸ੍ਰੇਣੀ ਤੇ ਗ੍ਰੰਥੀ ਰਾਗੀਆਂ ਸਿੰਘਾਂ ਤੇ ਕਥਾ ਵਾਚਕਾਂ ਨੂੰ ਰਿਆਇਆ ਸ੍ਰੇਣੀ ਜਾਨਣ ਲੱਗ ਪਏ ਹਨ। ਇਸ ਤਰ੍ਹਾਂ ਦੇ ਵਾਤਾਵਰਨ ਪੈਦਾ ਹੋ ਜਾਣ ਨਾਲ ਵਿਦਵਾਨ ਕੀਰਤਨੀਆਂ ਦੇ ਹੌਸਲੇ ਪਸਤ ਹੋਏ ਹਨ ਤੇ ਕੀਰਤਨ ਦੀ ਕਲਾ ਦਾ ਮਿਆਰ ਬਹੁਤ ਹੀ ਨੀਵਾਂ ਹੋ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਵਰਗੇ ਅਸਥਾਨਾਂ ਅੰਦਰ ਪੱਕੇ ਰਾਗਾਂ ਵਿਚ ਕੀਰਤਨ ਕਰਨ ਵਾਲੇ ਗੁੱਠੇ ਲੱਗ ਚੁੱਕੇ ਹਨ ਤੇ ਪੁਰਾਣੀਆਂ ਤੇ ਨਵੀਆਂ ਫਿਲਮਾਂ ਦੀਆਂ ਕੁਝ ਅਦਲਾ ਬਦਲੀ ਕਰਕੇ ਗਾਈਆਂ ਸੁਰਾਂ ਗੂੰਜਣ ਲਗ ਪਈਆਂ ਹੈਨ। ਸੋ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਜਿਥੇ ਹੋਰ ਪੰਥਕ ਜ਼ਿਮੇਵਾਰੀਆਂ ਉਨ੍ਹਾਂ ਦੇ ਸਿਰ ਉਪਰ ਹੈਨ ਉਥੇ ਕੀਰਤਨ ਕਲਾ ਨੂੰ ਸੁਰਜੀਤ ਰਖਣ ਲਈ ਭੀ ਠੋਸ ਕਦਮ ਚੁਕਣ। ਏਹ ਭੀ

ਉਨਾਂ ਦੀ ਜਿਮੇਂਦਾਰੀ ਹੈ। ਐਸਾ ਇਕ ਕਾਨੂੰਨ ਹੀ ਬਣ ਜਾਣਾ ਚਾਹੀਦਾ ਹੈ ਕਿ ਸਮੂੰਹ ਸਿਖ ਸਟੇਜਾਂ ਉਪਰ ਉਹੋ ਹੀ ਕੀਰਤਨੀਆਂ ਕੀਰਤਨ ਕਰ ਸਕਦਾ ਹੈ, ਜਿਸ ਨੂੰ ਘੱਟ ਤੋਂ ਘੱਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗ ਥਿਊਰੀ ਸਮੇਤ ਆਉਂਦੇ ਹੋਣ ਤੇ ਉਹ ਬਾਣੀ ਵਡੇ ਛੋਟੇ ਤਾਲਾਂ ਵਿਚ ਗਾਇਨ ਕਰਨ ਦੀ ਯੋਗਤਾ ਰੱਖਦਾ ਹੋਵੇ। ਸੰਗਤਾਂ ਦੀ ਰੁਚੀ ਬਦਲੌਣ ਲਈ ਭੀ ਉਹ ਪ੍ਰਚਾਰ ਰਾਹੀਂ ਹੀ ਕੋਸ਼ਿਸ਼ ਕਰਨ। ਇਸ ਨਾਲ ਪ੍ਰੋਫੈਸ਼ਨਲ ਕੀਰਤਨੀਆਂ ਨੂੰ ਮੇਹਨਤ ਕਰਨ ਦਾ ਸ਼ੌਕ ਵਧੇਗਾ ਤੇ ਅਜ ਕਲ ਜੋ ਰਾਗੀ ਸਿੰਘ ਕੀਰਤਨ ਦੀ ਕਲਾ ਨੂੰ ਤਿਆਗਣ ਦੀ ਦੌੜ ਵਿਚ ਇਕ ਦੂਜੇ ਨਾਲੋਂ ਅਗੇ ਨਿਕਲਣ ਦੀ ਕੋਸ਼ਿਸ਼ ਕਰਨ ਲਗ ਪਏ ਹਨ ਉਨ੍ਹਾਂ ਦੀ ਸੌਂ ਚੁੱਕੀ ਆਤਮਾ ਭੀ ਜਾਗ ਪਵੇਗੀ।

ਕੀਰਤਨ ਦੀ ਉਨਤੀ ਲਈ ਸਾਧੂ ਸਮਾਜ ਬਹੁਤ ਲਾਭਦਾਇਕ ਸਾਬਤ ਹੋ ਸਕਦਾ ਹੈ। ਪੁਰਾਣੇ ਡੇਰਿਆਂ ਦੇ ਸੰਤ ਮਹੰਤ ਖੁਦ ਧਾਰਮਿਕ ਵਿਦਿਆ ਵਿਚ ਨਿਪੁੰਨ ਹੁੰਦੇ ਸਨ। ਡੇਰਿਆਂ ਦੇ ਨਾਮ ਜਾਇਦਾਦ ਭੀ ਕਾਫੀ ਹੁੰਦੀ ਸੀ। ਡੇਰਿਆਂ ਵਿਚ ਉਹ ਵਿਦਵਾਨ ਕੀਰਤਨੀਆਂ ਨੂੰ ਟਿਕਾ ਕੇ ਉਨ੍ਹਾਂ ਦੀ ਯੋਗ ਕਦਰ ਕਰਦੇ ਸਨ। ਡੇਰੇ ਗੁਰਮਤਿ ਵਿਦਿਆ ਦੇ ਕਾਲਜ ਬਣੇ ਹੋਏ ਸਨ। ਸਾਡੇ ਪਿਤਾ ਜੀ ਨੇ ਸਾਡੇ ਬਾਬਾ ਜੀ ਪਾਸੋਂ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਐਸੇ ਹੀ ਇਕ ਡੇਰੇ ਵਿਚੋਂ ਕੀਰਤਨ ਦੀ ਉੱਚ ਵਿਦਿਆ ਪ੍ਰਾਪਤ ਕੀਤੀ ਸੀ। ਹੁਸ਼ਿਆਰ ਪੁਰ ਜਿਲੇ ਵਿਚ ਨਗਰ ਗਿੜਵੜੀ ਇਕ ਐਸਾ ਅਸਥਾਨ ਸੀ ਉਸਦੇ ਮੋਢੀ ਬਾਰੇ ਬਜੁਰਗਾਂ ਪਾਸੋਂ ਸੁਣਿਆ ਸੀ ਕਿ ਪੰਜਾ ਪਿਆਰਿਆਂ ਚੋਂ ਇਕ ਪਿਆਰਾ ਭਾਈ ਧਰਮ ਸਿੰਘ ਤੋਂ ਵਰੋਸਾਇਆ ਸਿੰਘ ਭਾਈ ਰਾਮ ਸਿੰਘ ਜੀ ਨੇ ਹਜੂਰ ਸਾਹਿਬ ਤੋਂ ਵਾਪਿਸ ਪੰਜਾਬ ਆਕੇ ਇਸ ਵਿਦਿਆ ਦੇ ਕੇਂਦਰ ਨੂੰ ਅਰੰਭ ਕੀਤਾ ਸੀ। ਭਾਈ ਧਰਮ ਸਿੰਘ ਜੀ ਜੋ ਸਿਰੰਦਾ ਵਜਾਇਆ ਕਰਦੇ ਸਨ ਉਹ ਭੀ ਭਾਈ ਰਾਮ ਸਿੰਘ ਜੀ ਪਾਸ ਸੀ। ਮੇਰੇ ਪਿਤਾ ਦੇ ਪਹਿਲੇ ਉਸਤਾਦ ਬਾਬਾ ਸ਼ਰਧਾ ਸਿੰਘ ਨੇ ਗਿੜਵੜੀ ਤੋ ਹੀ ਕੀਰਤਨ ਦੀ ਵਿਦਿਆ ਪ੍ਰਾਪਤ ਕੀਤੀ ਸੀ। ਗੁਰਦੁਆਰਾ ਐਕਟ ਬਣ ਜਾਣ ਉਪ੍ਰੰਤ ਬਹੁਤ ਸਾਰੇ ਡੇਰਿਆਂ ਦੇ ਮਹੰਤ ਤਾਂ ਸਿਖੀ ਨੂੰ ਹੀ ਜਵਾਬ ਦੇ ਗਏ ਤੇ ਕੁਝ ਜਾਇਦਾਦ ਨੂੰ ਐਕਟ ਦੀ ਮਾਰ ਤੋਂ ਬਚਾਉਣ ਦੇ ਹੀ ਉਪਰਾਲੇ ਕਰਨ ਲਗ ਪਏ। ਡੇਰਿਆਂ ਵਿਚ ਹਫੜਾਦਫੜੀ ਪੈ ਗਈ ਤੇ ਗੁਰਮਤਿ ਵਿਦਿਆ ਦੇ ਉਹ ਸਾਰੇ ਕਾਲਜ ਖਤਮ ਹੋ ਗਏ। ਸਮੇਂ ਦੀ ਅਦਲਾ ਬਦਲੀ ਨਾਲ ਮਹਾਂਪੁਰਖ ਇਮਾਰਤਾਂ ਤੇ ਸਰੋਵਰਾਂ ਦੀ ਸੇਵਾ ਵਿਚ ਜੁੱਟ ਪਏ। ਇਮਾਰਤਾਂ ਨਾਲ ਕੌਮ ਦੀ ਬੜੀ ਸ਼ਾਨ ਬਣ ਗਈ ਹੈ। ਪਰ ਸੂਝਵਾਨ ਦਿਮਾਗ ਇਹ ਭੀ ਮਹਿਸੂਸ ਕਰਦੇ ਹਨ ਕਿ ਕੌਮਾਂ ਦੀ ਮਜ਼ਬੂਤੀ ਇਮਾਰਤਾਂ ਨਾਲ ਨਹੀਂ ਬਲਕਿ ਵਿਦਵਾਨਾਂ ਨਾਲ ਹੋਇਆ

ਕਰਦੀ ਹੈ। ਸਾਧੂ ਸਮਾਜ ਕਿਉਂਕਿ ਨਿਰੋਲ ਧਾਰਮਿਕ ਹੈ, ਇਸ ਲਈ ਧਾਰਮਿਕ ਵਿਦਿਆ ਖਾਸ ਕਰਕੇ ਗੁਰਮਤਿ ਸੰਗੀਤ ਦੀ ਵਿਦਿਆ ਵਿਚ ਉਨਤੀ ਦੇਖਣੀ ਉਨ੍ਹਾਂ ਦਾ ਵਡਾ ਫਰਜ਼ ਹੈ। ਸੋ ਜੇਕਰ ਸੰਤ ਸ੍ਰੇਣੀ ਖੁਦ ਭੀ ਪ੍ਰਾਚੀਨ ਮਰਯਾਦਾ ਦਾ ਕੀਰਤਨ ਸ੍ਰਵਨ ਕਰਨ ਲਗ ਪਵੇ ਤੇ ਆਪਣੇ ਆਪਣੇ ਹਜ਼ਾਰਾਂ ਸ਼ਰਧਾਲੂਆਂ ਨੂੰ ਐਸਾ ਕੀਰਤਨ ਸੁਣਨ ਦੀ ਪ੍ਰੇਰਨਾ ਕਰਨ ਅਤੇ ਨਾਲ ਹੀ ਇਮਾਰਤਾਂ ਤੇ ਸਰੋਵਰਾਂ ਤੇ ਖਰਚ ਹੋ ਰਹੀ ਮਾਇਆ ਦਾ ਦਸਵਾਂ ਹਿੱਸਾ ਭੀ ਇਸ ਪਾਸੇ ਖਰਚ ਕਰਨ ਲਗ ਪਵੇ ਤਾਂ ਕੀਰਤਨ ਦੀ ਵਿਦਿਆ ਨੂੰ ਬਹੁਤ ਲਾਭ ਪਹੁੰਚ ਸਕਦਾ ਹੈ। ਇਸੇ ਤਰ੍ਹਾਂ ਪ੍ਰਮ ਪੂਜਨੀਕ ਸਚ ਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜਥਾ ਭੀ ਇਸ ਵਿਦਿਆ ਦੀ ਉਨਤੀ ਵਿਚ ਕਾਫੀ ਸਹਾਇਤਾ ਕਰ ਸਕਦਾ ਹੈ। ਅਸਾ ਨੂੰ ਆਪਣੇ ਪਿਤਾ ਜੀ ਨਾਲ ਭਾਈ ਸਾਹਿਬ ਦੇ ਬਹੁਤ ਵਾਰੀ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਦੋ ਵਾਰ ਨਾਰੰਗਵਾਲ ਪਿਤਾ ਜੀ ਗਏ, ਦੋ ਦੋ ਤਿੰਨ ਤਿੰਨ ਦਿਨ ਭਾਈ ਸਾਹਿਬ ਜੀ ਪਿਤਾ ਜੀ ਨੂੰ ਨਾਰੰਗਵਾਲ ਅਟਕਾ ਕੇ ਦੋਨੋਂ ਵਕਤ ਕੀਰਤਨ ਸੁਣਦੇ ਰਹੇ। ਪਿਤਾ ਜੀ ਪਾਸੋਂ ਪੁਰਾਤਨ ਰੀਤਾਂ ਪੜਤਾਲਾਂ ਤੇ ਧਰੁਪਦ ਸੁਣ ਕੇ ਬਹੁਤ ਹੀ ਪ੍ਰਸੰਨ ਹੁੰਦੇ ਰਹੇ ਤੇ ਵਿਦਾ ਕਰਨ ਵੇਲੇ ਪੁਰਾਣੇ ਰਿਵਾਜ ਮੁਤਾਬਕ ਖੱਦਰ ਦੇ ਰੇਜੇ ਤੇ ਕੁਝ ਮਾਇਆ ਰੱਖ ਕੇ ਭੇਟਾ ਕਰਕੇ ਪੂਰਨ ਸਤਿਕਾਰ ਨਾਲ ਵਿਦਾ ਕਰਦੇ ਰਹੇ। ਇਸ ਤਰ੍ਹਾਂ ਹੋਰ ਭੀ ਕਈ ਸਮਾਗਮਾਂ ਵਿਚ ਉਨ੍ਹਾਂ ਨੂੰ ਕੀਰਤਨ ਸੁਣੌਣ ਦਾ ਮੌਕਾ ਮਿਲਿਆ ਉਹਨਾਂ ਦੇ ਚੇਹਰੇ ਤੇ ਜਲਾਲ ਤੱਕ ਕੇ ਤੇ ਹਰ ਵੱਡੇ ਛੋਟੇ ਤਾਲ ਨਾਲ ਆਪਣੇ ਕੜੇ ਹੀ ਵਜਾਉਂਦੇ ਦੇਖ ਕੇ ਐਸਾ ਹੀ ਮਹਿਸੂਸ ਹੁੰਦਾ ਰਿਹਾ ਕਿ ਭਾਈ ਸਾਹਿਬ ਜੀ ਖੁਦ ਭਾਵੇਂ ਸੰਗੀਤ ਵਿਦਿਆ ਵਿਚ ਇਤਨੇ ਨਿਪੁੰਨ ਨਹੀਂ ਸਨ ਪਰ ਪੱਕੇ ਰਾਗਾਂ ਵਿਚ ਪ੍ਰਾਚੀਨ ਮਰਯਾਦਾ ਅਨੁਸਾਰ ਕੀਰਤਨ ਸ੍ਰਵਨ ਕਰਨ ਦੇ ਤੀਬਰ ਚਾਹਵਾਨ ਹੈਨ। ਹੁਣ ਕੁਝ ਐਸਾ ਮਹਿਸੂਸ ਹੋ ਰਿਹਾ ਹੈ ਕਿ ਇਸ ਜਥੇ ਦੇ ਬਹੁਤੇ ਸਿੰਘਾਂ ਦੀ ਵਿਚਾਰ ਧਾਰਾ ਵਿਚ ਫਰਕ ਆ ਚੁੱਕਾ ਹੈ। ਉਹ ਭੇਟਾ ਨਾ ਲੈ ਕੇ ਕੀਰਤਨ ਕਰਨ ਵਾਲੇ ਨਿਸ਼ਕਾਮ ਕੀਰਤਨੀਏ ਨੂੰ ਹੀ ਆਪਣੇ ਸਤਿਕਾਰ ਦੇ ਪਾਤਰ ਸਮਝਦੇ ਹਨ। ਕਈ ਸਮਾਗਮਾਂ ਵਿਚ ਐਸਾ ਭੀ ਦੇਖਿਆ ਹੈ ਜਿਥੇ ਕਿ ਇਸ ਜਥੇ ਦੇ ਸਿੰਘ ਭੀ ਸੈਂਕੜਿਆਂ ਦੀ ਗਿਣਤੀ ਵਿਚ ਆਏ ਹੋਏ ਹੁੰਦੇ ਹਨ ਪਰ ਜਿਸ ਵਕਤ ਕੋਈ ਹੋਰ ਰਾਗੀ ਜਥਾ ਕੀਰਤਨ ਕਰਦਾ ਹੈ, ਉਸ ਵੇਲੇ ਜਥੇ ਵਿਚੋਂ ਕੋਈ ਟਾਵਾਂ ਟਾਵਾਂ ਸਿੰਘ ਤੇ ਸਿੰਘਣੀ ਹੀ ਦੀਵਾਨ ਵਿਚ ਸਸ਼ੋਭਿਤ ਹੁੰਦੇ ਹਨ ਅਤੇ ਜਦੋਂ ਕੋਈ ਜਥੇ ਵਿਚੋਂ ਸਿੰਘ ਜਾਂ ਸਿੰਘਣੀ ਕੀਰਤਨ ਕਰੇ ਉਸ ਵਕਤ ਸਾਰੇ

ਹੀ ਡਾਢੀ ਮਸਤੀ ਵਿਚ ਦੀਵਾਨ ਦੀ ਰੌਣਕ ਵਧਾਉਂਦੇ ਹੈਨ ਭਾਈ ਸਾਹਿਬ ਜੀ ਦੇ ਵਕਤ ਜਥੇ ਦੇ ਸਮਾਗਮਾਂ ਵਿਚ ਜੇ ਕੋਈ ਹੋਰ ਰਾਗੀ ਜਥਾ ਪਹੁੰਚ ਜਾਂਦਾ ਸੀ ਤਾਂ ਉਸ ਨੂੰ ਭੀ ਕੀਰਤਨ ਲਈ ਹੁਕਮ ਕਰ ਦਿਆਂ ਕਰਦੇ ਸਨ ਪਰ ਹੁਣ ਐਸਾ ਨਹੀਂ ਦੇਖਣ ਵਿਚ ਆ ਰਿਹਾ ਹੈ। ਇਸ ਜਥੇ ਦੇ ਸਰੱਬਤ ਸਿੰਘ ਸਿੰਘਣੀਆਂ ਨੂੰ ਬਾਣੀ ਪੜਨ ਤੇ ਸੁਣਨ ਦਾ ਕਾਫੀ ਅਭਿਆਸ ਹੈ ਇਸ ਲਈ ਇਹਨਾਂ ਵਾਸਤੇ ਰਾਗਾਂ ਵਿਚ ਗਾਈ ਗੁਰਬਾਣੀ ਨੂੰ ਸਮਝ ਕੇ ਅਨੰਦ ਪ੍ਰਾਪਤ ਕਰਨਾ ਬਹੁਤ ਹੀ ਸੌਖਾ ਕੰਮ ਹੈ। ਸੋ ਗੁਰਮਤਿ ਸੰਗੀਤ ਵਿਦਿਆ ਦੀ ਉਨਤੀ ਲਈ ਇਹ ਜਥਾ ਆਪਣੇ ਵਿਚਾਰਾਂ ਤੇ ਵਿਉਹਾਰਾਂ ਵਿਚ ਕੁਝ ਤਬਦੀਲੀ ਲਿਆ ਕੇ, ਬਹੁਤ ਵਡਾ ਹਿੱਸਾ ਪਾ ਸਕਦਾ ਹੈ। ਇਕ ਹੋਰ ਕਾਰਣ ਭੀ ਦੇਖਣ ਵਿਚ ਆਇਆ ਹੈ ਕਿ ਕੀਰਤਨ ਬਾਰੇ ਜਦੋਂ ਭੀ ਕਿਸੇ ਮੁੱਖੀ ਬੁਲਾਰੇ ਤਥਾ ਲੇਖਕ ਨੂੰ ਕੁਝ ਬੋਲਣ ਜਾਂ ਲਿਖਣ ਦਾ ਸਮਾਂ ਮਿਲਦਾ ਹੈ ਤਾਂ ਉਹ ਕੀਰਤਨੀਆਂ ਦੇ ਹੌਸਲੇ ਵਧਾਉਣ ਦੀ ਬਜਾਏ ਉਹਨਾਂ ਦੇ ਹੌਸਲੇ ਘਟਾਉਣ ਵਿਚ ਸਾਰਾ ਜ਼ੋਰ ਲਾ ਦੇਂਦਾ ਹੈ। ਅਜ ਕਲ ਭਾਈ ਮਨਸਾ ਸਿੰਘ ਜੀ ਰਾਗੀ ਦੀ ਇਕ ਜੀਵਨ ਘਟਨਾ ਨੂੰ ਬਿਆਨ ਕਰਕੇ ਜਾਂ ਲਿਖਕੇ ਰਾਗੀਆਂ ਨੂੰ ਸੰਤੋਖੀ ਹੋਣ ਦੀ ਮੱਤ ਦੇਣ ਦੀ ਕੋਸ਼ਿਸ਼ ਹੁੰਦੀ ਹੈ। ਭਾਈ ਮਨਸਾ ਸਿੰਘ ਜੀ ਨੂੰ ਅਤਿ ਗਰੀਬ ਜ਼ਾਹਿਰ ਕੀਤਾ ਜਾਂਦਾ ਹੈ। ਜ਼ਰਾ ਪੜਤਾਲ ਕਰੀਏ ਤਾਂ ਪਤਾ ਲਗਦਾ ਹੈ ਕਿ ਉਸ ਵੇਲੇ ਸ੍ਰੀ ਹਰਮੰਦਰ ਸਾਹਿਬ ਜੀ ਅੰਦਰ ਕੀਰਤਨ ਕਰਨ ਵਾਲੇ ਰਾਗੀਆਂ ਤੇ ਰਬਾਬੀਆਂ ਦੇ ਰੋਜ਼ੀਨੇ ਬੱਝੇ ਹੁੰਦੇ ਸਨ ਸੰਗਤਾਂ ਭੀ ਸੇਵਾ ਕਰਦੀਆਂ ਸਨ ਵਕਤ ਅਨੁਸਾਰ ਇਸ ਤਰ੍ਹਾਂ ਉਨ੍ਹਾਂ ਦਾ ਗੁਜ਼ਾਰਾ ਅੱਛਾ ਹੋ ਜਾਂਦਾ ਸੀ। ਘਰ ਵਿਚ ਭਾਈ ਸਾਹਿਬ ਜੀ ਦਾ ਮਿਟੀ ਦਾ ਤਵਾ ਰੱਖਣ ਦੇ ਹੋਰ ਭੀ ਕਾਰਨ ਹੋ ਸਕਦੇ ਹਨ ਕਈਆਂ ਨੂੰ ਤਵੇ ਦੇ ਪ੍ਰਸ਼ਾਦੇ ਨਾਲੋਂ ਮਿੱਟੀ ਦੇ ਤੰਦੂਰ ਦਾ ਪ੍ਰਸ਼ਾਦਾ ਜ਼ਿਆਦਾ ਮਿਠਾਸ ਦੇਂਦਾ ਹੈ ਜਾਂ ਐਸਾ ਭੀ ਹੋ ਸਕਦਾ ਹੈ ਕਿ ਭਾਈ ਸਾਹਿਬ ਜੀ ਸ਼ੌਕੀਆ ਤੌਰ ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਕਦੇ ਹਾਜ਼ਰੀ ਭਰਦੇ ਹੋਣਗੇ ਰੋਟੀ ਲਈ ਹੋਰ ਕੋਈ ਕ੍ਰਿਤ ਕਰਦੇ ਹੋਣਗੇ ਜਾਂ ਕਦੇ ਕਦੇ ਇਨਸਾਨ ਜਜ਼ਬਾਤ ਵਿਚ ਭੀ ਬਹੁਤ ਵਡੇ ਤਿਆਗ ਦੀ ਮਿਸਾਲ ਪੈਦਾ ਕਰ ਦੇਂਦਾ ਹੈ। ਇਹ ਵਿਚਾਰਨ ਵਾਲੀ ਗਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਸ੍ਰੀ ਦਰਬਾਰ ਸਾਹਿਬ ਜੀ ਅੰਦਰ ਲੱਖਾਂ ਰੁਪੈ ਭੇਟਾ ਕਰਨਾ ਜੇ ਕੋਈ ਗੁਨਾਹ ਨਹੀਂ ਸੀ ਤਾਂ ਕਿਸੇ ਕੀਰਤਨੀਏ ਨੂੰ ਕੁਝ ਮਾਇਆ ਪੇਸ਼ ਕਰਨੀ ਗੁਰੂ ਆਸ਼ੇ ਦੇ ਵਿਰੁਧ ਨਹੀਂ ਹੋ ਸਕਦੀ ਮਹਾਰਾਜਾ ਰਣਜੀਤ ਸਿੰਘ ਨੂੰ ਔਂਦਿਆ ਦੇਖ ਕੇ ਆਪਣੇ ਘਰ ਦਾ ਦਰਵਾਜ਼ਾ

ਬੰਦ ਕਰ ਲੈਣਾ ਏਸ ਦੇ ਹੋਰ ਭੀ ਕਾਰਨ ਹੋ ਸਕਦੇ ਹੈਨ ਜੋ ਇਥੇ ਲਿਖਣੇ ਯੋਗ ਭੀ ਨਹੀਂ ਤੇ ਲੋੜ ਭੀ ਨਹੀਂ। ਗੁਰੂ ਮਹਾਰਾਜ ਦੇ ਦਰ ਵਿਚ ਤਾਂ ਮਨ ਦੀ ਗਰੀਬੀ ਪ੍ਰਵਾਨ ਹੈ। ਤਨ ਦੀ ਗਰੀਬੀ ਦਾ ਤਾਂ ਸਗੋਂ ਗੁਰੂ ਸਾਹਿਬਾਨ ਨੇ ਖੰਡਨ ਹੀ ਕੀਤਾ ਹੈ। '**ਉਦਮੁ ਕਰੇਂਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ**'(ਵਾਰ ਗੂਜਰੀ ਸਲੋਕ ਮਹਲਾ ੪ ਪੰਨਾਂ ੫੨੨) ਇਹ ਉਪਦੇਸ਼ ਕੀਰਤਨੀਆਂ ਲਈ ਭੀ ਹੈਨ। ਸਤਿਗੁਰੂ ਜੀ ਨੇ ਸਿੱਖਾਂ ਨੂੰ ਰਾਜਾ ਯੋਗੀ ਬਣਾਇਆ ਹੈ ਤੇ ਕੀਰਤਨੀਆਂ ਦਾ ਜੀਵਨ ਮਿਆਰ ਵਿਵਹਾਰਿਕ ਤੌਰ ਤੇ ਵੀ ਉਚਾ ਵੇਖਣ ਦੇ ਚਾਹਵਾਨ ਸਨ ਦਸਮ ਪਾਤਸ਼ਾਹ ਜਿਥੇ ਕੱਚੀ ਬਾਣੀ ਦੇ ਰਚਨ ਵਾਲਿਆਂ ਨੂੰ ਲੱਖਾਂ ਰੁਪੈ ਇਨਾਮ ਦੇ ਕੇ ਨਿਹਾਲ ਕਰਦੇ ਸਨ ਉਥੇ ਸੱਚੀ ਬਾਣੀ ਗਾਉਣ ਵਾਲਿਆਂ ਦੇ ਘਰਾਂ ਵਿਚ ਮਿਟੀ ਦੇ ਤਵੇ ਕਿੱਦਾਂ ਬਰਦਾਸ਼ਤ ਕਰ ਸਕਦੇ ਸਨ। ਸਤਿਗੁਰੂ ਦੇ ਦਰਬਾਰ ਵਿਚ ਕੀਰਤਨੀਏ ਭੀ ਸ਼ਾਹੀ ਪੁਸ਼ਾਕੇ ਪਹਿਨ ਕੇ ਅਤੇ ਰਿਵਾਜ ਦੇ ਮੁਤਾਬਕ ਸੋਨੇ ਦੇ ਕੰਠੇ ਤੇ ਕੜੇ ਪਹਿਨ ਕੇ ਕੀਰਤਨ ਕਰਦੇ ਤੇ ਸਤਿਗੁਰੂ ਸਚਾ ਪਾਤਸ਼ਾਹ ਤੱਕ ਤੱਕ ਕੇ ਪ੍ਰਸੰਨ ਹੁੰਦੇ ਸਨ। ਕੇਵਲ ਭਾਈ ਮਨਸਾ ਸਿੰਘ ਜੀ ਦੀ ਹੀ ਮਿਸਾਲ ਦੇਣ ਵਾਲੇ ਸਜਨ ਉਹਨਾਂ ਸੈਂਕੜੇ ਮਿਸਾਲਾਂ ਨੂੰ ਨਜ਼ਰ ਅੰਦਾਜ਼ ਕਰ ਦੇਂਦੇ ਹਨ। ਜੇ ਕਦੇ ਉਹ ਸਮੂਹ ਕੀਰਤਨੀਆਂ ਦੀ ਜ਼ਿੰਦਗੀ ਦਾ ਖਾਸ ਧਿਆਨ ਨਾਲ ਸਰਵੇ ਕਰਨ ਤਾਂ ਪਤਾ ਲਗੇਗਾ ਕਿ ਜੋ ਰਾਗੀ ਸਜਣ ਕੇਵਲ ਕੀਰਤਨ ਦੀ ਕਮਾਈ ਤੇ ਹੀ ਨਿਰਭਰ ਰਿਹਾ ਹੈ ਉਹ ਮਸਾਂ ਪ੍ਰਵਾਰ ਦਾ ਗੁਜ਼ਾਰਾ ਹੀ ਕਰ ਸਕਿਆ ਹੈ। ਜਾਂ ਜਿਸ ਦੀ ਸੰਗਤਾਂ ਵਿਚ ਮੰਗ ਵਧੇਰੇ ਹੋਈ ਉਹ ਰਹਿਣ ਵਾਸਤੇ ਕੋਈ ਮਕਾਨ ਦੁਕਾਨ ਬਣਾ ਸਕਿਆ ਹੈ। ਅਜ ਕਲ ਜਿਹਨਾਂ ਰਾਗੀ ਜਥਿਆਂ ਨੂੰ ਬਾਹਰਲੇ ਮੁਲਕਾਂ ਵਿਚ ਜਾਣ ਦੇ ਮੌਕੇ ਉਪਲਬਧ ਹੁੰਦੇ ਹੈਨ ਉਨਾਂ ਦੇ ਜੀਵਨ ਮਿਆਰ ਵਿਚ ਬਹੁਤ ਤਰੱਕੀ ਹੋ ਗਈ ਹੈ। ਅਤੇ ਜਿਸ ਕੀਰਤਨੀਏ ਨੇ ਕੀਰਤਨ ਦੇ ਪਰਦੇ ਵਿਚ ਕੋਈ ਹੋਰ ਪ੍ਰਪੰਚ ਅਥਵਾ ਜੰਤਰ ਮੰਤਰ, ਧਾਗੇ, ਤਵੀਤਾਂ ਦਾ ਵਿਹਾਰ ਕੀਤਾ ਉਹੋ ਹੀ ਲੱਖਾਂ ਕਰੋੜਾਂ ਰੁਪੈ ਜਮ੍ਹਾਂ ਕਰ ਸਕਿਆ ਹੈ। ਕਈਆਂ ਨੇ ਆਪਣੇ ਉਪਰ ਨਿਸ਼ਕਾਮਤਾ ਦਾ ਲੇਬਲ ਲਾ ਕੇ ਭੀ ਚੋਖਾ ਲਾਭ ਪ੍ਰਾਪਤ ਕੀਤਾ ਹੈ। ਐਸੇ ਸਜਣਾਂ ਨੂੰ ਸਾਡੇ ਲੇਖਕਾਂ ਤੇ ਬੁਲਾਰਿਆਂ ਨੇ ਕਦੇ ਕੋਈ ਮੱਤ ਦੇਣ ਦਾ ਹੌਸਲਾ ਹੀ ਨਹੀਂ ਕੀਤਾ। ਕੇਵਲ ਰਾਗੀਆਂ ਨੂੰ ਹੀ ਸੰਤੋਖ ਦੀ ਮੱਤ ਦੇਣ ਵਾਲੇ ਕਈ ਸਜਣਾਂ ਦਾ ਆਪਣਾ ਜ਼ਿੰਦਗੀ ਦਾ ਮਿਆਰ ਇਤਨਾ ਉੱਚਾ ਹੈ ਕਿ ਉਹ ਗੁਰੂ ਦੀ ਕਿਰਪਾ ਨਾਲ ਘਰਾਂ ਵਿਚ ਸੋਨੇ ਦੇ ਤਵੇ ਬਣਾ ਸਕਦੇ ਹੈਨ। ਐਸੇ ਜ਼ਿੰਮੇਦਾਰ ਸਜਣਾਂ ਨੂੰ ਭੀ ਕੀਰਤਨ ਦੀ ਵਿਦਿਆ ਦੀ ਉੱਨਤੀ

ਲਈ ਠੀਕ ਤਰ੍ਹਾਂ ਸੋਚਣ ਦੀ ਜ਼ਰੂਰਤ ਹੈ

ਰਾਗੀਆਂ ਦਾ ਫਰਜ਼ ਤਾਂ ਇਸੇ ਲੇਖ ਵਿਚ ਵਿਸਥਾਰ ਪੂਰਬਕ ਆ ਚੁੱਕਾ ਹੈ। ਇਥੇ ਇਨਾ ਹੀ ਲਿਖਣਾ ਕਾਫੀ ਹੈ ਕਿ **'ਜਿਸ ਦਾ ਦਿੱਤਾ ਖਾਵਣਾ ਤਿਸ ਕਹੀਐ ਸਾਬਾਸ'** ਆਸਾ ਦੀ ਵਾਰ ਦੇ ਮਹਾਂਵਾਕ ਅਨੁਸਾਰ ਜੋ ਰਾਗੀ ਤੇ ਰਬਾਬੀ ਕੀਰਤਨ ਦੀ ਕ੍ਰਿਤ ਵਿਚੋਂ ਗੁਜ਼ਾਰਾ ਕਰਦੇ ਹੈਨ ਉਹਨਾਂ ਦੇ ਜ਼ਿਮੇਂ ਵਡਾ ਫਰਜ਼ ਹੈ ਕਿ ਕੀਰਤਨ ਪ੍ਰਾਚੀਨ ਮਰਯਾਦਾ ਅਨੁਸਾਰ ਰਾਗਾਂ ਵਿਚ ਕਰਨ ਦੇ ਆਦੀ ਹੋਵਣ ਹਰ ਇਕ ਸ਼ਬਦ ਦੇ ਅਰੰਭ ਵਿਚ ਰਾਗ ਦਾ ਜ਼ਿਕਰ ਕਰਨਾ ਸਤਿਗੁਰੂ ਸਾਹਿਬਾਨ ਦਾ ਆਸ਼ਾ ਸਪਸ਼ਟ ਹੈ। ਸੰਗਤਾਂ ਨੂੰ ਭੀ ਰਾਗਾਂ ਵਿਚ ਕੀਰਤਨ ਸੁਣਨ ਦੀ ਪ੍ਰੇਰਨਾ ਕਰਨੀ ਤੇ ਉਨ੍ਹਾਂ ਦੀ ਆਦਤ ਬਨਾਉਣੀ ਕੀਰਤਨੀਆਂ ਦੀ ਭੀ ਡੀਊਟੀ ਹੈ। ਜੇਕਰ ਪ੍ਰੋਫੈਸ਼ਨਲ ਕੀਰਤਨੀਏ ਇਸੇ ਤਰ੍ਹਾਂ ਗੁਰਮਤਿ ਸੰਗੀਤ ਵਿਦਿਆ ਤੋਂ ਦੂਰ ਭਜੀ ਜਾਣਗੇ ਤਾਂ ਉਹ ਭੀ ਗੁਰੂ ਦੇ ਦੇਣ ਦਾਰ ਹੋਵਨ ਗੇ। ਸੋ ਕੀਰਤਨ ਦੀ ਵਿਦਿਆ ਦੀ ਉਨਤੀ ਲਈ ਸਮੂੰਹ ਪੰਥਕ ਆਗੂ ਗੁਰਦੁਆਰਾ ਕਮੇਟੀਆਂ ਸਮੂਹ ਸੰਤਾ ਮਹਾਂ ਪੁਰਖਾਂ ਤੇ ਹੋਰ ਮੁਖੀ ਸਜਣਾ ਤੇ ਕੀਰਤਨੀਆਂ ਨੂੰ ਰਲ ਕੇ ਹੰਭਲਾ ਮਾਰਨਾ ਚਾਹੀਦਾ ਹੈ।

## ਅੰਤਮ ਸੁਝਾਵ

ਗੁਰਬਾਣੀ ਅੰਦਰ ਇਕ ਸਬਦ ਮਹਲਾ ੪ ਦੇ ਸਿਰਲੇਖ ਵਾਲਾ ਆਸਾ ਰਾਗ ਵਿਚ ਧੰਨਾ ਭਗਤ ਜੀ ਦੀ ਬਾਣੀ ਵਿਚ ਦਰਜ ਹੈ ਇਸ ਵਿਚ ਗੁਰੂ ਅਰਜਨ ਦੇਵਜੀ ਨੇ ਭਗਤ ਨਾਮ ਦੇਵ, ਭਗਤ ਕਬੀਰ ਜੀ, ਭਗਤ ਰਵਿਦਾਸ ਅਤੇ ਭਗਤ ਸੈਣ ਜੀ ਦਾ ਪਹਿਲੀਆਂ ਤੁਕਾਂ ਵਿਚ ਜ਼ਿਕਰ ਕਰਕੇ ਦਸਿਆ ਹੈ ਕਿ ਧੰਨਾ ਜੀ ਨੇ ਇਹਨਾਂ ਭਗਤਾਂ ਦੀ ਸ਼ੋਭਾ ਸੁਣੀ ਤੇ ਫਿਰ ਹਿਰਦੇ ਵਿਚ ਭਗਤੀ ਦਾ ਉਤਸ਼ਾਹ ਜਾਗਿਆ ਤੇ ਭਗਤੀ ਦਾ ਸਦਕਾ ਗੋਸਾਂਈ ਮਾਲਕ ਪ੍ਰਭੂ ਨੇ ਧੰਨਾ ਜੀ ਨੂੰ ਪ੍ਰਤੱਖ ਦਰਸ਼ਨ ਦਿਤੇ। ਤੁਕ ਹੈ - **ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।। ਮਿਲੇ ਪ੍ਰਤੱਖ ਗੁਸਾਈਆ ਧੰਨਾ ਵਡਭਾਗਾ।** ਪੰਥ ਦੀ ਇਕ ਸ਼ਾਖ ਨਾਮਧਾਰੀ ਸੰਪਰਦਾਏ ਅੰਦਰ ਗੁਰਮਤ ਕੀਰਤਨ ਤੇ ਸੰਗੀਤ ਕਲਾ ਦੀ ਅਦੁਤੀ ਬਖਸ਼ਿਸ਼ ਸੰਪ੍ਰਦਾਏ ਦੇ ਇਸ ਵਕਤ ਦੇ ਮੁਖੀ ਜੀਹਨਾਂ ਨੂੰ ਲਖਾਂ ਨਾਮਧਾਰੀ ਮਾਈ ਭਾਈ ਸਤਿਗੁਰੂ ਦੀ ਉਪਾਧੀ ਨਾਲ ਸਤਿਕਾਰਦੇ ਹੈਨ ਪ੍ਰਮ ਪੂਜਨੀਕ ਬਾਬਾ ਜਗਜੀਤ ਸਿੰਘ ਜੀ ਮਹਾਰਾਜ ਉਪਰ ਤੇ ਉਨ੍ਹਾਂ ਤੋਂ ਵਰੋਸਾਏ ਹੋਏ ਨਾਮਧਾਰੀ ਕੀਰਤਨੀਆਂ ਉਪਰ ਪ੍ਰਤੱਖ ਦੇਖੀ ਹੈ। ਏਥੇ ਮੈਂ ਉਸ ਦਾ ਜ਼ਿਕਰ ਕਰਨਾ ਯੋਗ ਜਾਣਿਆ ਹੈ। ਏਹਨਾ ਦੇ ਪੂਜ ਪਿਤਾ ਸਚਖੰਡ ਵਾਸੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਨੂੰ ਭੀ ਸਾਰੇ ਨਾਮਧਾਰੀ ਸੰਗਤ ਸ੍ਰੀ ਸਤਿਗੁਰੂ ਕਰਕੇ ਸਤਿਕਾਰਦੇ ਸਨ। ਮੈਂ ਆਪਣੇ ਪੂਜ

ਪਿਤਾ ਜੀ ਨਾਲ ਕਈ ਵਾਰੀ ਇਨਾ ਦੇ ਦਰਸ਼ਨ ਕੀਤੇ ਸਨ। ਪਿਤਾ ਜੀ ਦੇ ਅਕਾਲ ਚਲਾਣੇ ਪਿਛੋਂ ਮੈਂ ਭੀ ਕਈ ਵਾਰ ਦਰਸ਼ਨ ਕੀਤੇ ਸਨ। ਪਿਤਾ ਜੀ ਪਾਸੋਂ ਤੇ ਫੇਰ ਸਾਡੇ ਰਾਗੀ ਜਥੇ ਤੋਂ ਪੁਰਾਤਨ ਸ਼ਬਦ ਰੀਤਾਂ ਵਡੇ ਛੋਟੇ ਤਾਲਾਂ ਵਿਚ ਸੁਣਕੇ ਬਹੁਤ ਹੀ ਪ੍ਰਸੰਨ ਹੋਇਆ ਕਰਦੇ ਸਨ। ਵਿਦਿਵਾਨ ਕੀਰਤਨੀਆ ਦੀ ਅਤੀ ਹੌਂਸਲਾ ਅਫਜਾਈ ਕਰਦੇ ਰਹਿੰਦੇ ਸਨ ਤੇ ਗੁਰਮਤ ਟਕਸਾਲੀ ਕੀਰਤਨ ਦੀ ਸੰਭਾਲ ਦੇ ਭਰਪੂਰ ਯਤਨ ਕਰਦੇ ਰਹਿੰਦੇ ਸਨ। ਬਜ਼ੁਰਗਾਂ ਪਾਸੋਂ ਸੁਣਿਆ ਸੀ ਕਿ ਖੁਦ ਭੀ ਤਾਊਸ, ਦਿਲ ਰੁਬਾ ਦੇ ਚੋਟੀ ਦੇ ਵਜਾਵਣ ਵਾਲੇ ਸਨ। ਮੇਰੇ ਕੀਰਤੁਨ ਦੇ ਗੁਰਭਾਈ ਤੇ ਤਬਲੇ ਦੇ ਉਸਤਾਦ ਭਾਈ ਅਰਜਨ ਸਿੰਘ ਜੀ ਤਰੰਗੜ ਕਈ ਸਾਲ ਇਨਾਂ ਦੀ ਸੇਵਾ ਵਿਚ ਰਹੇ ਸਨ ਤੇ ਮੇਰੇ ਪਿਤਾ ਜੀ ਦੇ ਗੁਰਭਾਈ ਨਾਮਧਾਰੀ ਭਾਈ ਹਰਿਨਾਮ ਸਿੰਘ ਜੀ ਚਵਿੰਡਾ ਨਾਲ ਜੋੜੀ ਵਜਾਇਆ ਕਰਦੇ ਸਨ। ਤਰੰਗੜ ਜੀ ਨੇ ਦਸਿਆ ਕਿ ਕਈ ਵਾਰੀ ਮਹਾਰਾਜ ਜੀ ਖੁਦ ਮੌਜ ਵਿਚ ਕੋਈ ਪੜਤਾਲ ਜਾ ਧਰੁਪਦ ਗੌਣਾ ਸ਼ੁਰੂ ਕਰ ਦੇਂਦੇ ਤੇ ਉਸ ਨੂੰ ਕਹਿੰਦੇ ਆ ਭਈ ਬਰਖੁਰਦਾਰ ਵਜਾ ਜੋੜੀ। ਦਸ਼ਮ ਪਿਤਾ ਜੀ ਦੇ ਜੋਤੀ ਜੋਤ ਸਮਾਵਣ ਉਪ੍ਰੰਤ ਹੀ ਦੇਸ਼ ਵਿਚ ਖਾਸ ਕਰਕੇ ਸਾਰੇ ਪੰਜਾਬ ਅੰਦਰ ਗੁਰਮਤ ਕੀਰਤਨ ਦੇ ਵਿਦਿਆਲੇ ਪ੍ਰਚਲਤ ਹੋਣ ਲਗ ਪਏ ਸਨ। ਐਸੇ ਵਿਦਿਆਲੇ ਵਿਦਵਾਨ ਸੰਤਾ ਮਹੰਤਾਂ ਦੀ ਅਗਵਾਈ ਅੰਦਰ ਬੜੇ ਸਫਲ ਰਹੇ ਸਨ। ਗੁਰਮਤ ਕੀਰਤਨ ਵਿਚ ਚੋਟੀ ਦੇ ਵਿਦਵਾਨ ਇਹਨਾਂ ਵਿਦਿਆਲਿਆਂ ਦੀ ਹੀ ਉਪਜ ਸਨ ਪਰ ਸਮੇਂ ਦੇ ਫੇਰ ਨਾਲ ਉਹ ਸਾਧੂਆਂ ਦੇ ਡੇਰਿਆਂ ਦੇ ਵਿਦਿਆਲੇ ਖਤਮ ਹੋ ਗਏ ਤੇ ਕੁਝ ਸਿਖ ਸੰਸਥਾਵਾਂ ਨੇ ਏਸ ਵਿਦਿਆ ਦੀ ਸਿਖਲਾਈ ਲਈ ਵਿਦਿਆਲੇ ਚਲਾਏ ਅਰੰਭ ਵਿਚ ਐਸੇ ਵਿਦਿਆਲਿਆਂ ਵਿਚੋਂ ਭੀ ਵਿਦਿਵਾਨ ਰਾਗੀ ਬਣਦੇ ਰਹੇ ਪਰ ਜਦੋਂ ਤੋਂ ਸਿਆਸਤ ਧਰਮ ਦੇ ਉਪਰ ਬਲਵਾਨ ਹੋਣ ਲਗ ਪਈ ਉਦੋਂ ਤੋਂ ਉਨ੍ਹਾਂ ਵਿਦਿਆਲਿਆਂ ਦੀ ਸਿਖਿਆ ਦਾ ਮਯਾਰ (Standard) ਭੀ ਉਪਰ ਨੂੰ ਜਾਣ ਦੀ ਥਾਵੇਂ ਨੀਚਾਣ ਵਲ ਔਣ ਲਗ ਪਿਆ। ਕੁਝ ਵਿਦਿਆਲੇ ਤਾਂ ਰਸਾਤਲ ਵਿਚ ਹੀ ਗਰਕ ਹੋ ਗਏ। ਕੁਝ ਬਰਸਾਂ ਤੋਂ ਜਦੋਂ U.K., USA ਤੇ ਕੈਨੇਡਾ ਆਦਕ ਵਿਚ ਸੰਤ ਸ੍ਰੇਣੀ ਤੇ ਹੋਰ ਕੀਰਤਨੀਆਂ ਦੀ ਆਵਾ ਜਾਈ ਰੋਜ਼-ਬ-ਰੋਜ਼ ਵਧਣ ਲਗ ਪਈ ਹੈ ਤੇ ਕਰੰਸੀ ਵਿਚ ਚੋਖਾ ਫਰਕ ਹੁੰਦਾ ਜਾਣ ਕਰਕੇ ਉਨ੍ਹਾਂ ਨੂੰ ਮਾਇਕ ਲਾਭ ਭੀ ਬੇਅੰਤ ਹੋਣ ਲਗ ਪਿਆ ਹੈ। ਕਈ ਸਾਧੂਆਂ ਨੇ ਤੇ ਰਾਗੀ ਸਿੰਘਾਂ ਨੇ ਕੀਰਤਨ ਦੀ ਸਿਖਲਾਈ ਲਈ ਵਿਦਿਆਲੇ ਖੋਲ ਲਏ ਪਰ ਉਥੇ ਕੀਰਤਨ ਦੀ ਸਿਖਲਾਈ ਤਾਂ ਐਵੇਂ ਨਾਮ ਮਾਤਰ ਹੀ ਹੈ ਪਰ ਪ੍ਰਦੇਸਾਂ ਚੋਂ ਏਸ ਕਾਰਨ ਕਰਕੇ ਉਗਰਾਹੀ ਚੋਖੀ ਹੋ ਜਾਂਦੀ ਰਹੀ ਤੇ ਹੋ ਰਹੀ ਹੈ। ਐਸੇ ਸਕੂਲਾਂ ਦੇ ਸੰਚਾਲਕਾਂ ਦੀ ਰੁੱਚੀ ਟਕਸਾਲੀ ਕੀਰਤਨ ਦੇ ਵਾਧੇ ਲਈ ਬਹੁਤ

ਘੱਟ ਤੇ ਆਮਦਣ ਦੇ ਵਾਧੇ ਲਈ ਰੁੱਚੀ ਸਿਖਰਾਂ ਤੇ ਪਹੁੰਚ ਚੁਕੀ ਹੈ। ਉਨ੍ਹਾਂ ਵਿਦਿਆਲਿਆਂ ਦੇ ਪ੍ਰਬੰਧਕਾਂ ਉਪਰ ਐਵੇਂ ਨਾਮ ਮਾਤਰ ਗਿਣਤੀ ਦੇ ਵਿਦਿਆਰਥੀਆਂ ਨੂੰ ਕੀਰਤਨ ਸਿਖੌਣ ਲਈ ਉਸਤਾਦਾਂ ਦੀ ਢੂੰਡ ਭਾਲ ਦੀ ਕੋਸ਼ਿਸ਼ ਬਾਰੇ ਇਕ ਅਮੀਰ ਪਠਾਣ ਦੀ ਘਰੇਲੂ ਨੌਕਰ ਦੀ ਢੂੰਡ ਭਾਲ ਲਈ ਰੱਬ ਅਗੇ ਕੀਤੀ ਅਰਦਾਸ ਦੀ ਮਿਸਾਲ ਬਹੁਤ ਢੁਕਵੀਂ ਹੈ। ਉਹ ਪਠਾਣ ਰੋਜ ਅੱਲਾ ਤਾਲਾ ਪਾਸੋਂ ਏਹ ਮੰਗ ਮੰਗਦਾ ਸੀ, "ਰੱਬਾ ਐਸਾ ਮੇਲੀਂ ਨਰ, ਪੀਰ, ਬਾਵਰਚੀ, ਬਹਿਸ਼ਤੀ ਖਰ"। ਮੈਂ ਦੇਸ਼ਾਂ ਪ੍ਰਦੇਸ਼ਾਂ ਵਿਚ ਵਿਚਰ ਕੇ ਪਰਤੱਖ ਵੇਖਿਆ ਹੈ ਜੇ ਕਿਸੇ ਕੀਰਤਨੀਏ ਨੇ ਕਿਸੇ ਪੁਰਾਤਨ ਵਿਦਿਆਲੇ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਕੀਰਤਨ ਵਿਦਿਆ ਦੀਆਂ ਕੁਝ ਬੰਦਸ਼ਾਂ (ਰੀਤਾਂ) ਸਿਖ ਭੀ ਲਈਆਂ ਹੈਨ ਪਰ ਜਦੋਂ ਸੰਗਤਾਂ ਵਿਚ ਪ੍ਰੋਫੈਸ਼ਨਲ ਤੌਰ ਤੇ ਕੀਰਤਨ ਕਰਕੇ ਰੋਟੀ ਕਮਾਵਣ ਲੱਗ ਪੈਂਦਾ ਹੈ ਤਾਂ ਉਹ ਖਾਸ ਬੰਦਸਾਂ ਭੁਲਾ ਕੇ ਕੀਰਤਨ ਕੁਝ ਫਿਲਮੀ ਸੁਰਾਂ ਵਿਚ ਕੁਝ ਗਜ਼ਲ ਆਦਕ ਦੇ ਢੰਗ ਨਾਲ ਹੀ ਕੀਰਤਨ ਕਰਨ ਲੱਗ ਪੈਂਦਾ ਹੈ। ਉਸ ਨੇ ਕਦੇ ਸ੍ਰੋਤਿਆਂ ਦੀ ਰੁੱਚੀ ਨੂੰ ਬਦਲੌਣ ਦੀ ਕੋਸ਼ਿਸ਼ ਨਹੀਂ ਕੀਤੀ। ਪੜਤਾਲਾਂ, ਧਰੁਪਦ ਵਡੇ ਵਡੇ ਤਾਰਾਂ ਵਿਚ ਜੇ ਕੁਝ ਰੀਤਾਂ ਉਸ ਪਾਸ ਹੈਨ ਤਾਂ ਉਨ੍ਹਾਂ ਨੂੰ ਭੁਲਾ ਦੇਣਾ ਹੀ ਮੁੱਖ ਮੰਤਵ ਸਮਝ ਲੈਂਦਾ ਹੈ।

ਇਕੋ ਇਕ ਨਾਮਧਾਰੀ ਸੰਪ੍ਰਦਾਏ ਹੀ ਹੈ ਜਿਥੇ ਗੁਰਮਤੀ ਟਕਸਾਲੀ ਕੀਰਤਨ ਦਿਲ-ਰੁਬਾ ਆਦਕ ਤੰਤੀ ਸਾਜਾਂ ਨਾਲ ਕੀਤਾ ਜਾਂਦਾ ਹੈ। ਹਾਰਮੋਨੀਅਮ ਬਿਲਕੁਲ ਨਹੀਂ ਦੇਖਿਆ। ਅਠਾਂ ਦਸਾਂ ਦਿਲ ਰੁਬਾਵਾਂ ਵਿਚੋਂ ਜਿਸ ਦਿਲ ਰੁਬਾ ਦੀ ਕੋਈ ਤਰਬ ਬੇਸੁਰੀ ਹੋ ਜਾਂਦੀ ਤਾਂ ਮਹਾਰਾਜ ਬਾਬਾ ਜੀ ਉਸੇ ਵੇਲੇ ਕੀਰਤਨ ਸ੍ਰਣਨ ਕਰਦੇ ਕਰਦੇ ਇਸ਼ਾਰਾ ਕਰਕੇ ਉਸ ਦਿਲ ਰੁਬਾ ਦੀ ਉਹੋ ਬੇਸੁਰੀ ਹੋ ਚੁਕੀ ਸੁਰ ਨੂੰ ਸੁਰ ਵਿਚ ਕਰਨ ਦੀ ਪ੍ਰੇਰਣਾ ਕਰ ਦੇਂਦੇ ਵੇਖੇ ਸਨ। ਏਹ ਕੁਝ ਦਰਸ਼ਨ ਕਰਕੇ ਮੈਂ ਤਾਂ ਰੋਮ ਰੋਮ ਤੋਂ ਬਲਿਹਾਰ ਜਾਂਦਾ ਰਿਹਾ ਸੀ। ਮੈਂ ਇਸ ਤਰਾਂ ਦਾ ਸੁਰ ਬੋਧ ਵਡੇ ਵਡੇ ਗਵਯੀਆਂ ਵਿਚ ਭੀ ਨਹੀਂ ਸੀ ਦੇਖਿਆ। ਨਾਮਧਾਰੀ ਸੰਪਰਦਾਏ ਦੇ ਇਨ੍ਹਾਂ ਰਾਗੀਆ ਨੂੰ ਏਹ ਭੀ ਸਿਖਲਾਈ ਦਿਤੀ ਜਾਂਦੀ ਹੈ ਕਿ ਸ੍ਰੋਤਿਆਂ ਦੀ ਰੁਚੀ ਨੂੰ ਅਮੀਰ ਕਿਵੇਂ ਬਨਾਣਾ ਹੈ। ਬਹੁ ਗਿਣਤੀ ਦੇ ਰਾਗੀ ਸੰਗਤਾਂ ਨੂੰ ਪੱਕੇ ਰਾਗਾਂ ਤੇ ਵਡੇ ਤਾਲਾਂ ਵਿਚ ਕੀਰਤਨ ਸੁਣਣ ਦਾ ਉਤਸ਼ਾਹ ਨਹੀਂ ਪੈਦਾ ਕਰਦੇ ਪਰ ਨਾਮਧਾਰੀ ਕੀਰਤਨੀਏ ਦੇਸਾਂ ਪ੍ਰਦੇਸ਼ਾਂ ਵਿਚ ਸੰਗਤਾਂ ਦਾ ਉਤਸਾਹ ਐਸਾ ਟਕਸਾਲੀ ਕੀਰਤਨ ਸੁਣਨ ਲਈ ਵਧਾ ਰਹੇ ਹੈਨ। ਸੋ ਮੇਰੇ ਵਲੋਂ ਸਰਬੱਤ ਕੀਰਤਨੀਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਨਾਮਧਾਰੀ ਸੰਪਰਦਾਏ ਦੀ ਹੀ ਰੀਸ ਕਰਨ ਜੀਹਨਾਂ ਨੇ ਅਜੇ ਤੀਕਰ ਇਸ ਵਿਦਿਆ ਨੂੰ ਸੰਭਾਲੀ ਰਖਿਆ ਹੈ ਤੇ ਏਸ

ਵਿਚ ਹੋਰ ਉਨੱਤੀ ਲਈ ਭਰਪੂਰ ਕੋਸ਼ਿਸ਼ਾ ਭੀ ਕਰ ਰਹੇ ਹੈਨ। ਕੁਝ ਸਾਲ ਪਹਿਲਾਂ ਲੇਖਕ ਨੂੰ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਸੀ ਪਹਿਲੇ ਭੀ ਏਹ ਸ੍ਰੋਤ ਮੇਰੇ ਕੰਨਾਂ ਵਿਚ ਪੈਂਦੀ ਰਹੀ ਸੀ ਫੇਰ ਪ੍ਰਤੱਖ ਦਰਸ਼ਨ ਕਰ ਲਏ। ਇੰਜ ਜਾਪਿਆ ਕਿ ਰਾਗ ਰੂਪ ਪ੍ਰਭੂ ਨੇ ਬਾਬਾ ਜੀ ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿਚ ਭੇਜਿਆ ਹੈ। ਵਡੇ ਵਡੇ ਤਾਲਾਂ ਦੀਆਂ ਪੁਰਾਤਨ ਸ਼ਬਦ ਰੀਤਾਂ ਬਿਨਾਂ ਕਿਸੇ ਸਾਜ ਦੀ ਸਹੈਤਾ ਤੋਂ ਪੌਣੀਆਂ ਮਾਤਰਾਂ ਸਵਾਈਆਂ ਮਾਤਰਾ ਤੇ ਡੇਢੀਆਂ ਮਾਤਰਾਂ ਵਿਚ ਰੀਤਾਂ ਨੂੰ ਉਨ੍ਹਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿਚ ਲੇਖਕ ਨੇ ਸੁਣਿਆ ਸੀ। ਬਾਬਾ ਜੀ ਚੰਗੇ ਚੰਗੇ ਗੁਣੀ ਕੀਰਤਨੀਆਂ ਨੂੰ ਤੇ ਸ਼ਾਸਤਰੀ ਸੰਗੀਤ ਦੇ ਭੀ ਚੋਟੀ ਦੇ ਵਿਦਵਾਨਾਂ ਨੂੰ ਬੁਲਾ ਕੇ ਸਤਿਕਾਰਦੇ ਰਹਿੰਦੇ ਹੈਨ ਤੇ ਆਪਣੇ ਵਿਦਿਆਰਥੀਆਂ ਨੂੰ ਭੀ ਉਚ ਕੋਟੀ ਦੇ ਵਿਦਵਾਨ ਰਾਗੀ ਬਨੌਣ ਦੀ ਭਰਪੂਰ ਕੋਸ਼ਿਸ਼ ਕਰਦੇ ਰਹਿੰਦੇ ਹੈਨ। ਆਸਾ ਦੀ ਵਾਰ ਦੇ ਕੀਰਤਨ ਦੀ ਪੁਰਾਤਨ ਮਰਯਾਦਾ ਪ੍ਰਤੱਖ ਦੇਖੀ। ਸੂਰਜ ਦੀ ਟਿੱਕੀ ਨਾਲ ਭੋਗ ਪੈਂਦਾ ਹੈ। ਕਰੀਬਨ ਹਰ ਛੱਕੇ ਨਾਲ ਸੰਗੀਤ ਬਧ ਰੀਤ ਗਾਈ ਜਾਂਦੀ ਹੈ ਕੀਰਤਨ ਸੁਣਨ ਕਰਨ ਲਈ ਸਰੋਤਿਆਂ ਦੀ ਸੁਰਤਿ ਨੂੰ ਬਲਵਾਨ ਕਰਨਾ ਭੀ ਕੀਰਤਨੀਆ ਦਾ ਹੀ ਫਰਜ ਬਣਦਾ ਹੈ। ਏਸ ਫਰਜ ਤੋਂ ਭਟਕ ਜਾਣਾ ਤਾਂ ਗੁਰੂ ਘਰ ਵਿਚ ਇਕ ਗੁਨਾਹ ਹੀ ਮੈਂ ਸਮਝਦਾ ਹਾਂ।

## ਗੁਰਮਤ ਸੰਗੀਤ

ਆਪ ਨਾਰਾਇਣ ਨਾਨਕਤਾਂਈ ਸਰਬ ਕਲਾ ਵਿਚ ਕਰਕੇ ਪੂਰਾ,
ਜੋਗ ਜੁਗਤ ਸਭ ਧੁਰੋਂ ਸਿਖਾ ਕੇ ਜਗ ਨੂੰ ਸੋਧਣ ਘਲਿਆ ਸੂਰਾ।
ਜਗਤ ਜਲੰਦੇ ਨੂੰ ਤਾਰਨ ਲਈ ਬਾਬੇ ਕਲਾ ਸੰਗੀਤ ਨੂੰ ਚੁਣਿਆ।
ਰਾਕਸ਼ ਦੈਂਤ ਪਖੰਡੀ ਸੁਧਰੇ ਜਿਸਨੇ ਹਰੀ ਦਾ ਕੀਰਤਨ ਸੁਣਿਆ।
ਉਸ ਅਰਸ਼ੀ ਸੰਗੀਤ ਕਾਰ ਨੇ ਰਾਗਾਂ ਦੀ ਤਾਸੀਰ ਪਛਾਣੀ।
ਪਰਖ ਪਛਾਣ ਰਾਗਾਂ ਦੀ ਕਰਕੇ ਉਹਨਾਂ ਵਿਚ ਗਾਈ ਗੁਰਬਾਣੀ।
ਹੱਥ ਰਬਾਬ ਫੜਾਕੇ ਨਾਨਕ ਮਰਦਾਨੇ ਨੂੰ ਲਿਆ ਸਾਜ਼ਿਦਾ।
ਮਿਰਦਾਨਾ ਪਿਛੈ ਲੱਗ ਗਾਵੈ ਮੋਹਰੇ ਬਾਬਾ ਆਪ ਗਾਵੰਦਾ।
ਨਾਨਕ ਰਾਗ ਕਿਥੋਂ ਸੀ ਸਿਖਿਆ ਕੁਛ ਲੋਕਾਂ ਨੂੰ ਪੈਣ ਬੁਲੇਖੇ।
ਨਜ਼ਰ ਉਨਾਂ ਦੀ ਮਰਦਾਨੇ ਨੂੰ ਬਾਬੇ ਨਾਲੋਂ ਉੱਚਾ ਦੇਖੇ।
ਜਾਂ ਤੇ ਐਸੇ ਲੋਕਾਂ ਤਾਈ ਸਮਝ ਰਤਾ ਨਹੀਂ ਹੈਨ ਸ਼ੁਦਾਈ।
ਜਾਂ ਫਿਰ ਉਨਾ ਈਰਖਾ ਅੰਦਰ ਸੜ ਸੜ ਅਪਣੀ ਹੋਸ਼ ਗਵਾਈ।
ਨਾਨਕ ਨੇ ਅਪਣੇ ਆਪੇ ਨੂੰ ਗੁਰ ਅੰਗਦ ਦੇ ਵਿਚ ਸਮਾਇਆ।

ਅਮਰਦਾਸ ਵਿਚ ਗੁਰਅੰਗਦ ਨੇ ਜੋਤ ਜੁਗਤੁ ਸੰਗੀਤ ਟਿਕਾਇਆ।
ਰਾਮਦਾਸ ਤੇ ਗੁਰ ਅਰਜਨ ਨੇ ਹੋਰ ਭੀ ਗਾਏ ਰਾਗ ਵਧੇਰੇ।
ਸੰਗਤਾਂ ਵਿਚ ਪਰਵਾਹ ਚਲਾਏ ਕੀਰਤਨ ਵਾਲੇ ਸੰਝ ਸਵੇਰੇ।
ਧੁਨੀਆਂ ਤੇ ਵਾਰਾਂ ਗਾਵਣ ਦੀ ਛੇਵੇਂ ਗੁਰ ਪ੍ਰਪਾਟੀ ਪਾਈ।
ਪ੍ਰਥਮ ਰਬਾਬ ਫੇਰ ਸਾਰੰਦਾ ਨਾਲ ਤਾਊਸ ਦੀ ਰੀਤ ਚਲਾਈ।
ਸਤਵਾਂ ਅਠਵਾਂ ਨਾਵਾਂ ਸਤਿਗੁਰ ਸਰਬ ਕਲਾ ਵਿਚ ਸਾਰੇ ਪੂਰੇ।
ਸ਼ਸਤਰ ਸ਼ਾਸਤਰ ਦੀ ਸਭ ਵਿਦਿਆ ਬਖਸ਼ੀ ਸੀ ਦਸਵੇਂ ਗੁਰੂ ਸੂਰੇ।
ਆਦ ਜੁਗਾਦੋਂ ਜਿਵੇਂ ਗੁਣੀਆਂ ਨੇ ਵਖਰੇ ਵਖਰੇ ਮੱਤ ਚਲਾਏ।
ਇਕ ਦੂਜੇ ਤੋਂ ਥੋੜਾ ਥੋੜਾ ਫਰਕ ਰੱਖ ਕੇ ਰਾਗ ਸੀ ਗਾਏ।
ਸਿਖ ਗੁਰੂ ਸਾਹਿਬਾਨਾ ਨੇ ਭੀ ਰਾਗ ਰਚੇ ਕੁਛ ਨਵੇਂ ਨਵੇਲੇ।
ਸਤਿਗੁਰੂ ਦੀ ਸਿਖਿਆ ਨੂੰ ਮੰਨ ਕੇ ਗਾਵਣ ਲਗੇ ਗੁਰ ਦੇ ਚੇਲੇ।
ਜਿਵੇਂ ਫਰਕ ਕੁਛ ਮਤਾਂ ਦੇ ਅੰਦਰ ਓਦਾ ਗੁਰ ਸੰਗੀਤ ਹੈ ਵੱਖਰਾ।
ਆਭਾ ਇਸ ਦੀ ਬਹੁਤ ਨਿਰਾਲੀ ਢੰਗ ਸ਼ਬਦ ਰੀਤ ਦਾ ਵੱਖਰਾ।
ਜੋ ਲੋਕੀ ਹਨ ਪਰਖਣ ਲਗ ਪਏ ਸਾਸਤਰਾਂ ਦੀ ਕਸਵੱਟੀ ਉਤੇ।
'ਕੰਵਲ' ਉਨਾਂ ਨੇ ਫੇਰਿਆ ਪੋਚਾ ਅਪਣੀ ਅਕਲ ਦੀ ਫੱਟੀ ਉਤੇ।

ਅੰਤ ਵਿਚ ਸ. ਅਨੂਪ ਸਿੰਘ ਜੀ ਨੂਰੀ ਮੈਨੇਜਰ ਬੇਬੇ ਨਾਨਕੀ ਸੁਲਤਾਨਪੁਰ ਲੋਧੀ ਦੀ ਰਚਿਤ ਰੁਬਾਈ ਹਾਜਰ ਹੈ। ਪੰਜਾਬੀ ਦੇ ਪ੍ਰਸਿਧ ਵਿਦਵਾਨ ਕਵੀ ਤੇ ਲਿਖਾਰੀ ਹੈਨ। ਉਨਾਂ ਵਲੋਂ ਗੁਰਬਾਣੀ ਦੇ ਕਵਿਤਾਰਥ ਦੀਆਂ ਕਈ ਕਿਤਾਬਾਂ ਛੱਪ ਚੁਕੀਆਂ ਹੈਨ।

**ਕੀਰਤ ਪ੍ਰਭ ਭੀ ਗਾਉ ਮੇਰੀ ਰਸਨਾ, ਕੀਰਤਨੀਆ ਬਣ ਧੀਰਾ।**
**ਰਾਗ ਸਹਿਤ ਪ੍ਰਭ ਦੇ ਗੁਣ ਗਾਉਂਣੇ, ਬਾਤ ਇਹ ਉਤਮ ਵੀਰਾ।**
**ਏਸ ਤਰ੍ਹਾਂ ਬਣ ਜਾਂਦਾ ਪ੍ਰਾਨੀ, ਪਿਆਰੇ ਗਹਿਰ ਗੰਭੀਰਾ।**
**ਕਾਮ, ਕਰੋਧ, ਲੋਭ, ਮੋਹ ਉਹ ਜਨ, ਵਸ ਕਰੂ ਬਲਬੀਰਾ।।**
**ਸਤਿਗੁਰ ਦਾ ਫੁਰਮਾਨ ਇਹ ''ਨੂਰੀ'', ਕੀਰਤਨ ਨਿਰਮੋਲਕ ਹੀਰਾ।**
**ਅਨਹਦ ਸ਼ਬਦ ਦੀ ਪੂੰਜੀ ਹੈ ਇਹ, ਆਨੰਦ ਗੁਣੀ ਗਹੀਰਾ।**

I had an opportunity to listen to the Kirtan of Bhai Sahib Bhai Avtar Singh and Gurcharan Singh Ragi while attending the marriage ceremony of a friend's son at Chandigarh. They recited the PARTALS of RAGAS—SUHI and MALHAR in the most original and ancient way of classical singing. I really appreciate their inherited knowledge of classical Indian music carried on in their family for many generations and passed on to them by their well known father Bhai Sahib Bhai Jawala Singh Ji Ragi of KAPURTHALA.

This book "GURUBANI SANGEET PRACHEEN REET RATNAWALI" written by them and published by Punjabi University, Patiala is a most valuable collection of nearly five hundred original type of composition of various Ragas given in the holy book Guru Granth Sahib. This inspiration was rendered by Bhai Sahib Ardaman Singh Ji of Bagrian and Dr. Taran Singh, Head of Department of Guru Granth Sahib Adhyan Vibhag, Punjabi University, Patiala. And with their active interest, untiring help and guidance, it has been possible to complete this book.

I heartily congratulate Bhai Sahib Avtar Singh and Gurcharan Singh Ragi for the great service they have rendered to Indian classical music which will be a massive guide to the coming generations.

Vilayat H. Khan

(USTAD VILAYAT.H.KHAN)
Clement Town,
Dehradun.

# DILIP CHANDRA VEDI

**Sangeet Maha-Mahopadhyay,**
**Mahtab-e-Mosiqi (Sangeet Sudhakar),**
**Sangeet Shrungaar Gayanacharya Etc.**


दिल्ली :

दिनांक : 27-12-1978

सम्पूर्ण ब्रह्माण्ड नादमय है। नाद सर्वव्यापी है, इसीलिए ऋषियों ने नाद को "नाद ब्रह्म" कहा है। संगीत विद्या के प्राण नाद और लय हैं। छान्दोग्योपनिषद् के अनुसार, दालभ्य, प्रवाहरण, शिल्क इत्यादि वैदिक ऋषियों ने संगीत को केवल मनोरंजन का साधन न मानकर, प्रभु भक्ति की ओर संगीत धारा मोड़ी तथा सहस्त्रों वर्ष पूर्व हरि कीर्तन की नींव रखी। योगेश्वर श्री कृष्ण ने भी 'मद्भक्ता यत्र गायन्ति तत्र तिष्ठामि नारद' कह कर नृत्य की अपेक्षा गायन का भक्ति के लिए महत्त्व बतलाया। चीन के महात्मा कन्फ्यूशियस ने भी संगीत को ईश्वरीय वाणी कहा है। स्वर और लय से एकाग्रता सम्भव है, जो नृत्य से दुर्लभ है।

भारत के लगभग सभी प्रमुख धर्म संस्थापकों ने संगीत का प्रयोग प्रभु-भक्ति के लिए ही किया। अहिंसा तथा मानव धर्म के संदेशवाहक श्री गुरु नानक देव जी ने भी इसी विचार को लेकर अपनी पवित्र वाणी का प्रचार किया। पंचम गुरु श्री गुरु अर्जन देव जी ने (जो अद्वितीय-सत्याग्रही थे) भी धर्म प्रचार के लिए संगीत द्वारा हरि कीर्तन की परम्परा को अत्यावश्यक बना दिया एवं तत्कालीन इकत्तीस रागों में गुरुवाणी गाने का आदेश दिया। भाई मर्दाना रबाबी तथा उनके वंशज के अनेक रबाबियों तथा सिक्ख रागियों ने ध्रुपद की विभिन्न रचनाओं के आधार पर गुरु वाणी का गायन किया। दूसरी ओर लोकगीतों की धुनों पर भी शबद गायन किया जाने लगा जो एकाग्रता की शक्ति से विहीन था।

समय-समय पर अनेक शास्त्रीय संगीत के आचार्यों ने शास्त्रीय संगीत द्वारा हरि कीर्तन की परम्परा को बनाए रखा। इनमें 19वी शताब्दी के भाई चांद रबाबी (तलवंडी-ध्रुपद घराने के अनुयायी), भाई गुरमुख सिंह साहिब, भाई उत्तम सिंह, महन्त गजा सिंह (पटियाले वाले), भाई वधावा रबाबी, भाई मोती रबाबी तथा बाबा रंगी राम जी के नाम उल्लेखनीय हैं। भाई ज्वाला सिंह जी रागी ने बाबा रंगी राम जी से पर्याप्त समय तक गायन दीक्षा प्राप्त की, और आजीवन राग नियमानुसार रची गई पुरातन रीतियों से गायन करते रहे। उनके सुपुत्र भाई अवतार सिंह रागी तथा भाई गुरचरन सिंह रागी ने अपने पूज्य पिता जी से हरि कीर्तन की जो शिक्षा प्राप्त की, उसे सुदीर्घ बनाने व अन्य लोगों के लाभार्थ हेतु उन पुरातन रीतियों को स्वरलेखन पद्धति द्वारा लिपिबद्ध करके

एक महत्वपूर्ण कार्य किया है। इस ग्रन्थ को 'गुरुवाणी संगीत प्राचीन रीति रत्नावली' कहना उचित ही है।

मुझे प्रसन्नता है कि पंजाबी यूनिवर्सिटी पटियाला के डॉ० तारन सिंह जी ने इसके प्रकाशन का प्रबन्ध करके हरि कीर्तन के जिज्ञासुओं के लिए सराहनीय कार्य किया है। इसमें सन्देह नहीं कि कीर्तन प्रेमी तथा कीर्तनकार सज्जन इस ग्रन्थ से पूर्णतः लाभान्वित होंगे।

सदैव हित चिन्तक

दि.च. वेदी

(दिलीप चन्द्र वेदी)



ਸੰਨ 1938 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤਾ। ਸੰਨ 1936 ਵਿਚ ਗਿਆਨੀ ਪਾਸ ਕੀਤੀ।

ਸੰਨ 1938 ਤੋਂ ਸੰਨ 1946 ਤੱਕ ਤਬਲਾ, ਵਾਜਾ, ਤਾਊਸ ਦੀ ਸਿਖਿਆ ਲਈ ਤੇ ਗੁਰਮਤ ਸੰਗੀਤ ਕੀਰਤਨ ਪਿਤਾ ਜੀ ਪਾਸੋਂ ਸਿਖਿਆ।

ਵਾਰਤਿਕ ਲਿਖਣ ਦੀ ਲਗਨ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਲੇਖਕਾਂ ਦੀਆਂ ਪੁਸਤਕਾਂ ਪੜ ਕੇ ਤੇ ਮਾਸਕ ਪਤਰ ਪੜ ਕੇ ਲਗੀ, ਕਵਿਤਾ ਦੀ ਲਗਨ ਆਪਣੇ ਫਾਰਸੀ ਦੇ ਪ੍ਰੋਫੈਸਰ ਸ੍ਰ. ਮੋਹਨ ਸਿੰਘ ਜੀ ਮਾਹਰ ਪਾਸੋਂ ਲਗੀ।

1946 ਸੰਨ ਤੋਂ 1991 ਸੰਨ ਤੱਕ ਵੀਰ ਅਵਤਾਰ ਸਿੰਘ ਨਾਲ ਜਥਾ ਬਣਾਕੇ ਦੇਸ਼ਾਂ ਪ੍ਰਦੇਸ਼ਾਂ ਵਿਚ ਕੀਰਤਨ ਪ੍ਰਚਾਰ ਦੀ ਸੇਵਾ ਕੀਤੀ। 1992 ਤੋਂ ਕਥਾ ਵਾਚਕ ਦੇ ਰੂਪ ਵਿਚ ਸੰਗਤਾ ਦੇ ਦਰਸ਼ਨ ਕਰ ਰਿਹਾ ਹਾਂ। 38 ਸਾਲ ਦਿੱਲੀ ਕਮੇਟੀ ਦੀ ਸਰਵਿਸ ਕੀਤੀ।

ਪੁਸਤਕਾਂ ਲਿਖੀਆਂ, 'ਪ੍ਰਾਚੀਨ ਸ਼ਬਦ ਰੀਤ ਰਤਨਾਵਲੀ' ਇਹ ਮੈ ਤੇ ਵੀਰ ਅਵਤਾਰ ਸਿੰਘ ਦੋਨਾਂ ਨੇ ਪੰਜ ਸੌ ਸ਼ਬਦ ਰੀਤਾ ਵਡੇ ਛੋਟੇ ਤਾਲਾਂ ਵਿਚ ਸੰਗੀਤਕ ਤਰੀਕੇ ਨਾਲ ਲਿਖੀ। ਪੰਜਾਬੀ ਯੂਨੀਵਰਸਟੀ ਪਟਿਆਲੇ ਨੇ ਛਪਵਾਈ ਦੋ ਭਾਗ ਹਨ।

ਮੇਰੀ ਇਕਲੇ ਦੀ ਰਚਿਤ 1. ਚਰਲਕਮਲ ਕੀ ਮਉਜ (ਕਵਿਤਾਵਾਂ) 2. ਕਮਲ ਬਿਗਾਸਨ 3. ਬੇਬੇ ਨਾਨਕੀ।

ਕੀਰਤਨ ਬਾਰੇ ਲਿਖੇ ਲੇਖ ਪ੍ਰਥਮ ਇਨਾਮ ਕੇਂਦਰੀ ਸਿੰਘ ਸਭਾ ਤੋਂ ਪ੍ਰਾਪਤ ਹੋਇਆ।

ਨਾਮਧਾਰੀ ਮਹਾਰਾਜ ਪ੍ਰਮ ਪੂਜ ਬਾਬਾ ਪਰਤਾਪ ਸਿੰਘ ਜੀ ਦਾ ਸੰਗੀਤ ਕਲਾ ਤੇ ਗੁਰਮਤ ਸੰਗੀਤ ਵਿਚ ਨਿਪੁੰਨਤਾ ਬਾਰੇ ਲੇਖ ਮਹਾਰਾਜ ਬਾਬਾ ਜਗਜੀਤ ਸਿੰਘ ਜੀ ਤੇ ਨਾਮਧਾਰੀ ਵੀਰਾਂ ਵਲੋਂ ਸਤਿਕਾਰ ਦੀ ਬਖਸਿਸ ਪ੍ਰਾਪਤ ਹੋਈ।